LGfL SafeguardED

# PUNJABI TRANSLATION of the Department for Education statutory guidance for schools and colleges:

## Keeping children safe in education 2026

## Part one: Information for all school and college staff

Find KCSIE Part 1 translated into 12 community languages at **kcsietranslate.lgfl.net**

NB This translation goes up to and includes the flowchart on page 27 of part one

Department for Education

# ਬੱਚਿਆਂ ਨੂੰ ਸਿੱਖਿਆ ਵਿੱਚ ਸੁਰੱਖਿਅਤ ਰੱਖਣਾ 2026

## ਸਕੂਲਾਂ ਅਤੇ ਕਾਲਜਾਂ ਲਈ ਕਾਨੂੰਨੀ ਮਾਰਗਦਰਸ਼ਨ।

**ਸਤੰਬਰ 2026**

# ਸਾਰ

## ਇਸ ਮਾਰਗਦਰਸ਼ਨ ਦੀ ਸਥਿਤੀ

ਇਹ ਸਿੱਖਿਆ ਵਿਭਾਗ ('ਵਿਭਾਗ') ਦੇ ਸਕੂਲਾਂ ਦੁਆਰਾ ਦਿ ਐਜੁਕੇਸ਼ਨ ਐਕਟ 2002 (ਜਿਵੇਂ ਕਿ ਸੋਧਿਆ ਗਿਆ ਹੈ), ਦਿ ਐਜੁਕੇਸ਼ਨ (ਇੰਡੀਪੈਂਡੈਂਟ ਸਕੂਲ ਸਟੈਂਡਰਡਜ਼) ਰੈਗੂਲੇਸ਼ਨਜ਼ 2014, ਦਿ ਨਾਨ-ਮੇਨਟੇਨਡ ਸਪੈਸ਼ਲ ਸਕੂਲਜ਼ (ਇੰਗਲੈਂਡ) ਰੈਗੂਲੇਸ਼ਨਜ਼ 2015 ਅਤੇ ਦਿ ਅਪ੍ਰੈਂਟਿਸਸ਼ਿਪਸ, ਸਕਿਲਜ਼, ਚਿਲਡਰਨ ਐਂਡ ਲਰਨਿੰਗ ਐਕਟ 2009 (ਜਿਵੇਂ ਕਿ ਸੋਧਿਆ ਗਿਆ ਹੈ) ਦੀ ਧਾਰਾ 175 ਦੇ ਤਹਿਤ ਜਾਰੀ ਕੀਤਾ ਗਿਆ ਕਾਨੂੰਨੀ ਮਾਰਗਦਰਸ਼ਨ ਹੈ। ਇੰਗਲੈਂਡ ਦੇ ਸਕੂਲਾਂ ਅਤੇ ਕਾਲਜਾਂ ਨੂੰ ਬੱਚਿਆਂ ਦੀ ਭਲਾਈ ਦੀ ਰੱਖਿਆ ਅਤੇ ਇਸਨੂੰ ਉਤਸ਼ਾਹਿਤ ਕਰਨ ਲਈ ਆਪਣੇ ਫਰਜ਼ ਨਿਭਾਉਂਦੇ ਸਮੇਂ ਇਸਦਾ ਧਿਆਨ **ਲਾਜ਼ਮੀ** ਰੱਖਣਾ ਚਾਹੀਦਾ ਹੈ। ਇਸ ਮਾਰਗਦਰਸ਼ਨ ਦੇ ਉਦੇਸ਼ਾਂ ਲਈ ਬੱਚਿਆਂ ਦਾ ਅਰਥ 18 ਸਾਲ ਤੋਂ ਘੱਟ ਉਮਰ ਦਾ ਹਰ ਵਿਅਕਤੀ ਹੈ।

## ਇਸ ਮਾਰਗਦਰਸ਼ਨ ਦੀ ਜਾਣ-ਪਛਾਣ

ਅਸੀਂ ਸਾਰੇ ਮਾਰਗਦਰਸ਼ਨ ਦੌਰਾਨ "**ਲਾਜ਼ਮੀ**" ਅਤੇ "**ਚਾਹੀਦਾ**" ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਅਸੀਂ "**ਲਾਜ਼ਮੀ**" ਸ਼ਬਦ ਦੀ ਵਰਤੋਂ ਉਦੋਂ ਕਰਦੇ ਹਾਂ ਜਦੋਂ ਵਿਚਾਰ ਅਧੀਨ ਵਿਅਕਤੀ ਨੂੰ ਕਨੂੰਨੀ ਤੌਰ 'ਤੇ ਕੁਝ ਕਰਨ ਦੀ ਲੋੜ ਹੁੰਦੀ ਹੈ ਅਤੇ "**ਚਾਹੀਦਾ**" ਸ਼ਬਦ ਦੀ ਵਰਤੋਂ ਉਦੋਂ ਕਰਦੇ ਹਾਂ, ਜਦੋਂ ਨਿਰਧਾਰਤ ਸਲਾਹ ਦੀ ਪਾਲਣਾ ਕੀਤੀ ਜਾਣੀ **ਚਾਹੀਦੀ** ਹੈ ਜਦੋਂ ਤੱਕ ਅਜਿਹਾ ਨਾ ਕਰਨ ਦਾ ਕੋਈ ਚੰਗਾ ਕਾਰਨ ਨਾ ਹੋਵੇ। ਮਾਰਗਦਰਸ਼ਨ ਨੂੰ ਇਸਦੇ ਨਾਲ ਪੜ੍ਹਿਆ ਜਾਣਾ ਚਾਹੀਦਾ ਹੈ:

- ਕਾਨੂੰਨੀ ਮਾਰਗਦਰਸ਼ਨ ਵਰਕਿੰਗ ਟੁਗੈਦਰ ਟੂ ਸੇਫਗਾਰਡ ਚਿਲਡਰਨ (Working Together to Safeguard Children), ਅਤੇ

- ਵਿਭਾਗੀ ਸਲਾਹ What to do if you're worried a child is being abused: advice for practitioners, ਅਤੇ

- ਕਾਨੂੰਨੀ ਮਾਰਗਦਰਸ਼ਨ, ਅਰਲੀ ਈਅਰਜ਼ ਫਾਊਂਡੇਸ਼ਨ ਸਟੇਜ (EYFS) ਦੇ ਵਿਧਾਨਕ ਢਾਂਚੇ ਦੀ ਧਾਰਾ 3 - GOV.UK (ਸਕੂਲ-ਅਧਾਰਤ ਨਰਸਰੀਆਂ ਅਤੇ ਰਿਸੈਪਸ਼ਨ ਵਿੱਚ 0 ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਲਈ)।

**ਜਦੋਂ ਤੱਕ ਕੁਝ ਹੋਰ ਨਾ ਦੱਸਿਆ ਗਿਆ ਹੋਏ:**

- **'ਸਕੂਲ'** ਦਾ ਅਰਥ ਹੈ: ਸਾਰੇ ਸਕੂਲ ਭਾਵੇਂ ਰੱਖ-ਰਖਾਅ ਕੀਤੇ ਗਏ ਹੋਣ, ਬਿਨਾਂ ਰੱਖ-ਰਖਾਅ ਕੀਤੇ ਗਏ ਹੋਣ ਜਾਂ ਸੁਤੰਤਰ ਸਕੂਲ (ਅਕਾਦਮੀਆਂ, ਮੁਫ਼ਤ ਸਕੂਲ ਅਤੇ ਵਿਕਲਪਕ ਪ੍ਰਬੰਧ ਅਕੈਡਮੀਆਂ ਸਮੇਤ), ਰੱਖ-ਰਖਾਅ ਕੀਤੇ ਗਏ ਨਰਸਰੀ ਸਕੂਲ[1] ਅਤੇ ਵਿਦਿਆਰਥੀ ਰੈਫਰਲ ਯੂਨਿਟ।

- **'ਕਾਲਜ'** ਦਾ ਅਰਥ ਹੈ ਅਗਲੇਰੀ ਅਤੇ ਉੱਚ ਸਿੱਖਿਆ ਐਕਟ 1992 ਦੇ ਤਹਿਤ ਸਥਾਪਿਤ ਕੀਤੇ ਗਏ

[1] The Early Years Foundation Stage Framework (EYFS) ਸਾਰੇ ਸ਼ੁਰੂਆਤੀ ਸਾਲਾਂ ਦੇ ਪ੍ਰਦਾਤਾਵਾਂ ਲਈ ਲਾਜ਼ਮੀ ਹੈ। ਇਹ ਸਾਰੇ ਸਕੂਲਾਂ 'ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਮੇਨਟੇਨ ਕੀਤੇ ਗਏ ਨਰਸਰੀ ਸਕੂਲ ਵੀ ਸ਼ਾਮਲ ਹਨ ਜਿਨ੍ਹਾਂ ਵਿੱਚ ਸ਼ੁਰੂਆਤੀ ਸਾਲਾਂ ਦੀ ਵਿਵਸਥਾ ਹੈ। 'ਇਸ ਮਾਰਗਦਰਸ਼ਨ ਬਾਰੇ' ਅਧੀਨ ਸੂਚੀਬੱਧ ਹੋਰ ਸਕੂਲਾਂ ਵਾਂਗ, ਮੇਨਟੇਨ ਕੀਤੇ ਗਏ ਗਏ ਨਰਸਰੀ ਸਕੂਲ, ਬੱਚਿਆਂ ਦੀ ਭਲਾਈ ਦੀ ਰੱਖਿਆ ਅਤੇ ਪ੍ਰਫੁੱਲਤ ਕਰਨ ਲਈ ਫਰਜ਼ ਨਿਭਾਉਂਦੇ ਸਮੇਂ ਬੱਚਿਆਂ ਨੂੰ ਸਿੱਖਿਆ ਵਿੱਚ ਸੁਰੱਖਿਅਤ ਰੱਖਣ ਦੇ ਸੰਬੰਧ ਵਿੱਚ ਹੋਣੇ ਚਾਹੀਦੇ ਹਨ (ਸਿੱਖਿਆ ਐਕਟ 2002 ਦੀ ਧਾਰਾ 175(2) ਦੇ ਅਨੁਸਾਰ - ਇਸ ਲੋੜ ਬਾਰੇ ਹੋਰ ਵੇਰਵੇ ਲਈ ਫੁੱਟਨੋਟ 19 ਵੇਖੋ)।

ਅਗਲੇਰੀ ਸਿੱਖਿਆ ਕਾਲਜ ਅਤੇ ਛੇਵੇਂ-ਫਾਰਮ ਕਾਲਜ ਅਤੇ ਅਗਲੇਰੀ ਸਿੱਖਿਆ ਖੇਤਰ ਦੇ ਅੰਦਰ ਹੋਣ ਵਜੋਂ ਮਨੋਨੀਤ ਸੰਸਥਾਵਾਂ।[2] ਕਾਲਜ ਦਾ ਅਰਥ ਹੈ 16 ਤੋਂ ਬਾਅਦ ਦੀ ਸਿੱਖਿਆ ਦੇ ਪ੍ਰਦਾਤਾ ਜਿਵੇਂ ਕਿ ਅਪ੍ਰੈਂਟਿਸਸ਼ਿਪ, ਹੁਨਰ, ਬੱਚੇ ਅਤੇ ਸਿਖਲਾਈ ਐਕਟ 2009 ਵਿੱਚ ਨਿਰਧਾਰਤ ਕੀਤਾ ਗਿਆ ਹੈ (ਜਿਵੇਂ ਸੋਧਿਆ ਗਿਆ ਹੈ)।[3] 16-19 ਅਕੈਡਮੀਆਂ, ਵਿਸ਼ੇਸ਼ ਪੋਸਟ-16 ਸੰਸਥਾਵਾਂ ਅਤੇ ਸੁਤੰਤਰ ਸਿਖਲਾਈ ਪ੍ਰਦਾਤਾ। ਕਾਲਜਾਂ ਲਈ, ਮਾਰਗਦਰਸ਼ਨ ਉਹਨਾਂ ਬੱਚਿਆਂ ਪ੍ਰਤੀ ਉਹਨਾਂ ਦੀਆਂ ਜ਼ਿੰਮੇਵਾਰੀਆਂ ਨਾਲ ਸਬੰਧਤ ਹੈ ਜੋ ਇਹਨਾਂ ਸੰਸਥਾਵਾਂ ਵਿੱਚ ਸਿੱਖਿਆ ਜਾਂ ਸਿਖਲਾਈ ਪ੍ਰਾਪਤ ਕਰ ਰਹੇ ਹਨ।

## ਪੀੜਤ ਅਤੇ ਕਥਿਤ ਅਪਰਾਧੀ (ਆਂ)

ਇਸ ਮਾਰਗਦਰਸ਼ਨ ਦੇ ਉਦੇਸ਼ਾਂ ਲਈ, ਅਸੀਂ, ਥਾਵਾਂ 'ਤੇ, '**ਪੀੜਤ**' ਸ਼ਬਦ ਦੀ ਵਰਤੋਂ ਕਰਦੇ ਹਾਂ। ਇਹ ਇੱਕ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਅਤੇ ਸਮਝਿਆ ਜਾਣ ਵਾਲਾ ਸ਼ਬਦ ਹੈ। ਇਹ ਮਹੱਤਵਪੂਰਨ ਹੈ ਕਿ ਸਕੂਲ ਅਤੇ ਕਾਲਜ ਇਹ ਪਛਾਣਨ ਕਿ ਦੁਰਵਿਵਹਾਰ ਦਾ ਸ਼ਿਕਾਰ ਹੋਇਆ ਹਰ ਕੋਈ ਆਪਣੇ ਆਪ ਨੂੰ ਪੀੜਤ ਨਹੀਂ ਸਮਝਦਾ ਜਾਂ ਇਸ ਤਰ੍ਹਾਂ ਵਰਣਨ ਕਰਨਾ ਚਾਹੁੰਦਾ ਹੈ। ਅੰਤ ਵਿੱਚ, ਸਕੂਲਾਂ ਅਤੇ ਕਾਲਜਾਂ ਨੂੰ ਕਿਸੇ ਵੀ ਘਟਨਾ ਦਾ ਪ੍ਰਬੰਧਨ ਕਰਦੇ ਸਮੇਂ ਇਸ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ ਅਤੇ ਕਿਸੇ ਵੀ ਸ਼ਬਦ ਦੀ ਵਰਤੋਂ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਜਿਸ ਪ੍ਰਤੀ ਬੱਚਾ ਸਭ ਤੋਂ ਵੱਧ ਆਰਾਮਦਾਇਕ ਹੋਵੇ।

ਇਸ ਮਾਰਗਦਰਸ਼ਨ ਦੇ ਉਦੇਸ਼ ਲਈ, ਅਸੀਂ, ਕਈ ਥਾਵਾਂ 'ਤੇ, '**ਕਥਿਤ ਅਪਰਾਧੀ(ਆਂ)**' ਅਤੇ ਜਿੱਥੇ ਢੁਕਵਾਂ ਹੋਵੇ '**ਅਪਰਾਧੀ(ਆਂ)**' ਸ਼ਬਦ ਦੀ ਵਰਤੋਂ ਕਰਦੇ ਹਾਂ। ਇਹ ਵਿਆਪਕ ਤੌਰ 'ਤੇ ਵਰਤੇ ਜਾਂਦੇ ਅਤੇ ਮਾਨਤਾ ਪ੍ਰਾਪਤ ਸ਼ਬਦ ਹਨ ਅਤੇ ਮਾਰਗਦਰਸ਼ਨ ਦੇ ਪ੍ਰਭਾਵਸ਼ਾਲੀ ਖਰੜੇ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰਨ ਲਈ ਸਭ ਤੋਂ ਢੁਕਵੇਂ ਹਨ। ਹਾਲਾਂਕਿ, ਸਕੂਲਾਂ ਅਤੇ ਕਾਲਜਾਂ ਨੂੰ ਸ਼ਬਦਾਵਲੀ ਬਾਰੇ ਬਹੁਤ ਧਿਆਨ ਨਾਲ ਸੋਚਣਾ ਚਾਹੀਦਾ ਹੈ, ਖਾਸ ਕਰਕੇ ਬੱਚਿਆਂ ਦੇ ਸਾਹਮਣੇ ਬੋਲਣ ਵੇਲੇ, ਇਹ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ, ਕੁਝ ਸਥਿਤੀਆਂ ਵਿੱਚ, ਦੁਰਵਿਵਹਾਰ ਕਰਨ ਵਾਲੇ ਵਿਵਹਾਰ ਨੇ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਨੂੰ ਨੁਕਸਾਨ ਵੀ ਪਹੁੰਚਾਇਆ ਹੋ ਸਕਦਾ ਹੈ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਢੁਕਵੀਂ ਸ਼ਬਦਾਵਲੀ ਦੀ ਵਰਤੋਂ ਸਕੂਲਾਂ ਅਤੇ ਕਾਲਜਾਂ ਲਈ, ਜਿਵੇਂ ਢੁਕਵਾਂ ਹੋਵੇ, ਕੇਸ-ਦਰ-ਕੇਸ ਦੇ ਆਧਾਰ 'ਤੇ ਨਿਰਧਾਰਤ ਕਰਨ ਲਈ ਹੋਵੇਗੀ।

## ਨਗਨ ਅਤੇ ਅਰਧ-ਨਗਨ ਸਮੱਗਰੀ, ਜਿੱਥੇ AI ਦੁਆਰਾ ਤਿਆਰ ਕੀਤੀ ਗਈ ਹੈ, ਸਮੇਤ

ਇਸ ਮਾਰਗਦਰਸ਼ਨ ਦੇ ਉਦੇਸ਼ਾਂ ਲਈ, '**ਨਗਨ ਅਤੇ ਅਰਧ-ਨਗਨ ਸਮੱਗਰੀ ਬਣਾਉਣਾ ਜਾਂ ਸਾਂਝਾ ਕਰਨਾ**' ਸ਼ਬਦ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੁਆਰਾ ਨਗਨ ਜਾਂ ਅਰਧ-ਨਗਨ ਤਸਵੀਰਾਂ ਬਣਾਉਣ, ਭੇਜਣ ਜਾਂ ਪੋਸਟ ਕਰਨ ਨੂੰ ਦਰਸਾਉਂਦਾ ਹੈ। '**ਤਸਵੀਰਾਂ**' ਸ਼ਬਦ ਵਿੱਚ ਸਾਰੀਆਂ ਵਿਜ਼ੂਅਲ ਸਮੱਗਰੀਆਂ ਸ਼ਾਮਲ ਹਨ, ਜਿਵੇਂ ਕਿ ਫੋਟੋਆਂ, ਵੀਡੀਓ ਅਤੇ ਲਾਈਵਸਟ੍ਰੀਮ।

ਅਸੀਂ '**ਨਗਨ**' ਸ਼ਬਦ ਦੀ ਵਰਤੋਂ ਇਸ ਲਈ ਕਰਦੇ ਹਾਂ ਕਿਉਂਕਿ ਇਹ ਨੌਜਵਾਨਾਂ ਦੁਆਰਾ ਸਭ ਤੋਂ ਵੱਧ ਸਮਝਿਆ ਜਾਂਦਾ ਹੈ ਅਤੇ ਇਸ ਮਾਰਗਦਰਸ਼ਨ ਵਿੱਚ ਸ਼ਾਮਲ ਤਸਵੀਰ-ਸ਼ੇਅਰਿੰਗ ਵਿਵਹਾਰਾਂ ਦੀ ਪੂਰੀ ਸ਼੍ਰੇਣੀ ਨੂੰ ਸਭ ਤੋਂ ਵਧੀਆ ਢੰਗ ਨਾਲ ਕੈਪਚਰ ਕਰਦਾ ਹੈ।

[2] ਅਗਲੇਰੀ ਅਤੇ ਉੱਚ ਸਿੱਖਿਆ ਐਕਟ 1992 ਦੀ ਧਾਰਾ 28 ਦੇ ਤਹਿਤ ('ਮਨੋਨੀਤ ਸੰਸਥਾਵਾਂ')।
[3] ਅਪ੍ਰੈਂਟਿਸਸ਼ਿਪ, ਹੁਨਰ, ਬੱਚੇ ਅਤੇ ਸਿਖਲਾਈ ਐਕਟ 2009 (ਜਿਵੇਂ ਕਿ ਸੋਧਿਆ ਗਿਆ ਹੈ)

ਤਸਵੀਰਾਂ ਬੱਚੇ ਦੁਆਰਾ ਖੁਦ ਲਈਆਂ ਜਾ ਸਕਦੀਆਂ ਹਨ (ਕਈ ਵਾਰ 'ਸਵੈ-ਉਤਪੰਨ ਇਮੇਜਰੀ' ਵਜੋਂ ਜਾਣੀਆਂ ਜਾਂਦੀਆਂ ਹਨ) ਜਾਂ ਕਿਸੇ ਹੋਰ ਵਿਅਕਤੀ ਦੁਆਰਾ ਲਈਆਂ ਜਾਂ ਬਣਾਈਆਂ ਜਾ ਸਕਦੀਆਂ ਹਨ। ਉਹਨਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਡਿਜੀਟਲ ਰੂਪ ਵਿੱਚ ਬਦਲਿਆ ਜਾਂ ਪੂਰੀ ਤਰ੍ਹਾਂ ਤਿਆਰ ਕੀਤਾ ਜਾ ਸਕਦਾ ਹੈ, ਜਿਸ ਵਿੱਚ ਕਈ ਵਾਰ 'ਡੀਪਫੇਕਸ' ਜਾਂ 'ਡੀਪ ਨਿਊਡਸ' ਵਜੋਂ ਦਰਸਾਇਆ ਜਾਂਦਾ ਹੈ।

## ਡੇਟਾ ਪ੍ਰੋਟੈਕਸ਼ਨ ਐਕਟ 2018, ਯੂਕੇ ਜੀਡੀਪੀਆਰ (UK GDPR) ਅਤੇ ਡੇਟਾ (ਵਰਤੋਂ ਅਤੇ ਪਹੁੰਚ) ਐਕਟ 2025 - 'ਡੇਟਾ ਪ੍ਰੋਟੈਕਸ਼ਨ ਕਾਨੂੰਨ'

ਇਸ ਮਾਰਗਦਰਸ਼ਨ ਦੌਰਾਨ, '**ਡੇਟਾ ਪ੍ਰੋਟੈਕਸ਼ਨ ਕਾਨੂੰਨ**' ਸ਼ਬਦ ਸਮੂਹਿਕ ਤੌਰ 'ਤੇ ਡੇਟਾ ਪ੍ਰੋਟੈਕਸ਼ਨ ਐਕਟ 2018, ਯੂਕੇ ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਯੂਕੇ ਜੀਡੀਪੀਆਰ), ਅਤੇ ਡੇਟਾ (ਵਰਤੋਂ ਅਤੇ ਪਹੁੰਚ) ਐਕਟ 2025 ਨੂੰ ਦਰਸਾਉਂਦਾ ਹੈ।

## ਇਹ ਮਾਰਗਦਰਸ਼ਨ ਕਿਸ ਲਈ ਹੈ

**ਇਸ ਕਾਨੂੰਨੀ ਮਾਰਗਦਰਸ਼ਨ ਨੂੰ ਇਹਨਾਂ ਦੁਆਰਾ ਪੜ੍ਹਿਆ ਅਤੇ ਪਾਲਣਾ ਕੀਤਾ ਜਾਣਾ ਚਾਹੀਦਾ ਹੈ:**

- **ਮੇਨਟੇਨ ਕੀਤੇ ਸਕੂਲਾਂ (ਮੇਨਟੇਨ ਕੀਤੇ ਨਰਸਰੀ ਸਕੂਲਾਂ ਸਮੇਤ) ਅਤੇ ਕਾਲਜਾਂ ਦੀਆਂ ਪ੍ਰਬੰਧਕ ਸੰਸਥਾਵਾਂ** ਜਿਨ੍ਹਾਂ ਵਿੱਚ ਅਪ੍ਰੈਂਟਿਸਸ਼ਿਪ, ਹੁਨਰ, ਬੱਚੇ ਅਤੇ ਸਿਖਲਾਈ ਐਕਟ 2009 (ਜਿਵੇਂ ਕਿ ਸੋਧਿਆ ਗਿਆ ਹੈ) ਵਿੱਚ ਨਿਰਧਾਰਤ ਕੀਤੇ ਅਨੁਸਾਰ 16-19 ਅਕੈਡਮੀਆਂ, ਵਿਸ਼ੇਸ਼ ਪੋਸਟ-16 ਸੰਸਥਾਵਾਂ ਅਤੇ ਸੁਤੰਤਰ ਸਿਖਲਾਈ ਪ੍ਰਦਾਤਾ,

- **ਸੁਤੰਤਰ ਸਕੂਲਾਂ** (ਅਕਾਦਮੀਆਂ, ਮੁਫਤ ਸਕੂਲ ਅਤੇ ਵਿਕਲਪਕ ਪ੍ਰਬੰਧ ਅਕੈਡਮੀਆਂ ਸਮੇਤ) **ਦੇ ਮਾਲਕ** ਅਤੇ ਗੈਰ- ਮੇਨਟੇਨ ਕੀਤੇ ਵਿਸ਼ੇਸ਼ ਸਕੂਲਾਂ ਦੇ ਮਾਲਕ। ਅਕੈਡਮੀਆਂ, ਮੁਫ਼ਤ ਸਕੂਲਾਂ ਅਤੇ ਵਿਕਲਪਕ ਪ੍ਰਬੰਧ ਅਕੈਡਮੀਆਂ ਦੇ ਮਾਮਲੇ ਵਿੱਚ, ਮਾਲਕ ਅਕੈਡਮੀ ਟਰੱਸਟ ਹੋਵੇਗਾ,

- **ਵਿਦਿਆਰਥੀ ਰੈਫਰਲ ਯੂਨਿਟਾਂ (PRUs) ਦੀਆਂ ਪ੍ਰਬੰਧਨ ਕਮੇਟੀਆਂ**, ਅਤੇ

- **ਸੀਨੀਅਰ ਲੀਡਰਸ਼ਿਪ ਟੀਮਾਂ**

ਸਾਰੇ ਮਾਰਗਦਰਸ਼ਨ ਦੌਰਾਨ, **'ਪ੍ਰਬੰਧਕ ਸੰਸਥਾਵਾਂ ਅਤੇ ਮਾਲਕਾਂ'** ਦੇ ਹਵਾਲੇ ਵਿੱਚ ਪ੍ਰਬੰਧਨ ਕਮੇਟੀਆਂ ਸ਼ਾਮਲ ਹਨ ਜਦੋਂ ਤੱਕ ਕਿ ਇਸ ਤੋਂ ਵੱਖਰਾ ਨਾ ਦੱਸਿਆ ਗਿਆ ਹੋਵੇ।

## ਸਕੂਲ ਅਤੇ ਕਾਲਜ ਸਟਾਫ

ਇਹ ਜ਼ਰੂਰੀ ਹੈ ਕਿ ਸਕੂਲ ਜਾਂ ਕਾਲਜ ਵਿੱਚ ਕੰਮ ਕਰਨ ਵਾਲਾ **ਹਰ ਕੋਈ** ਆਪਣੀਆਂ ਸੁਰੱਖਿਆ ਜ਼ਿੰਮੇਵਾਰੀਆਂ ਨੂੰ ਸਮਝੇ। ਪ੍ਰਬੰਧਕ ਸੰਸਥਾਵਾਂ ਅਤੇ ਮਾਲਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਸਟਾਫ ਜੋ ਬੱਚਿਆਂ ਨਾਲ ਸਿੱਧੇ ਤੌਰ 'ਤੇ ਕੰਮ ਕਰਦੇ ਹਨ, ਇਸ ਮਾਰਗਦਰਸ਼ਨ ਦਾ **ਘੱਟੋ-ਘੱਟ ਭਾਗ ਇੱਕ** ਪੜ੍ਹਨ।

ਪ੍ਰਬੰਧਕ ਸੰਸਥਾਵਾਂ ਅਤੇ ਮਾਲਕਾਂ, ਆਪਣੀਆਂ ਸੀਨੀਅਰ ਲੀਡਰਸ਼ਿਪ ਟੀਮਾਂ ਅਤੇ ਖਾਸ ਤੌਰ 'ਤੇ ਉਨ੍ਹਾਂ ਦੇ ਮਨੋਨੀਤ ਸੁਰੱਖਿਆ ਲੀਡਰ ਨਾਲ ਕੰਮ ਕਰਦੇ ਹੋਏ, ਹੁਣ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਸਟਾਫ ਜੋ ਬੱਚਿਆਂ ਨਾਲ ਸਿੱਧੇ ਤੌਰ 'ਤੇ ਕੰਮ ਨਹੀਂ ਕਰਦੇ, ਇਸ ਮਾਰਗਦਰਸ਼ਨ ਦਾ **ਭਾਗ ਇੱਕ** ਪੜ੍ਹਨ।

ਪ੍ਰਬੰਧਕ ਸੰਸਥਾਵਾਂ ਅਤੇ ਮਾਲਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਮਾਰਗਦਰਸ਼ਨ ਦੇ ਭਾਗ ਇੱਕ ਵਿੱਚ ਦੱਸੇ ਅਨੁਸਾਰ ਸਟਾਫ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਵਿਧੀਆਂ ਮੌਜੂਦ ਹਨ।

## ਇਹ ਮਾਰਗਦਰਸ਼ਨ ਕੀ ਬਦਲਦਾ ਹੈ

ਇਹ ਮਾਰਗਦਰਸ਼ਨ ਬੱਚਿਆਂ ਨੂੰ ਸਿੱਖਿਆ ਵਿੱਚ ਸੁਰੱਖਿਅਤ ਰੱਖਣਾ, ਸਤੰਬਰ 2025 ਸੰਸਕਰਣ (Keeping children safe in education September 2025) ਦੀ ਥਾਂ ਲੈਂਦਾ ਹੈ। ਬਦਲਾਵਾਂ ਦਾ ਸਾਰ ਅਨੁਬੰਧ C ਵਿੱਚ ਸ਼ਾਮਲ ਕੀਤਾ ਗਿਆ ਹੈ।

# ਭਾਗ ਇੱਕ: ਸਾਰੇ ਸਟਾਫ ਲਈ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਜਾਣਨਾ ਅਤੇ ਕਰਨਾ ਚਾਹੀਦਾ ਹੈ

### ਸੁਰੱਖਿਅਤ ਰੱਖਣ ਲਈ ਬੱਚੇ 'ਤੇ ਕੇਂਦਰਿਤ ਅਤੇ ਤਾਲਮੇਲ ਵਾਲੀ ਪਹੁੰਚ

1. ਸਕੂਲ ਅਤੇ ਕਾਲਜ ਅਤੇ ਉਨ੍ਹਾਂ ਦਾ ਸਟਾਫ ਬੱਚਿਆਂ ਲਈ ਵਿਸਤ੍ਰਿਤ ਸੁਰੱਖਿਆ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਹਨ। ਇਸ ਪ੍ਰਣਾਲੀ ਨੂੰ ਵਿਧਾਨਕ ਮਾਰਗਦਰਸ਼ਨ ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ (Working Together to Safeguard Children) ਵਿੱਚ ਵਰਣਨ ਕੀਤਾ ਗਿਆ ਹੈ।

2. ਬੱਚਿਆਂ ਦੀ ਭਲਾਈ ਨੂੰ ਬਚਾਉਣਾ ਅਤੇ ਪ੍ਰੋਤਸਾਹਿਤ ਕਰਨਾ ਹਰੇਕ ਦੀ ਜ਼ਿੰਮੇਵਾਰੀ ਹੈ। ਬੱਚਿਆਂ ਤੋਂ ਭਾਵ ਹੈ 18 ਸਾਲ ਤੋਂ ਘੱਟ ਉਮਰ ਦਾ ਹਰ ਕੋਈ। ਇਸ ਜ਼ੁੰਮੇਵਾਰੀ ਨੂੰ ਅਸਰਦਾਰ ਤਰੀਕੇ ਨਾਲ ਪੂਰਾ ਕਰਨ ਲਈ, ਸਾਰੇ ਅਭਿਆਸਕਰਤਾਵਾਂ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੀ ਕੋਸ਼ਿਸ਼ ਬੱਚੇ 'ਤੇ ਕੇਂਦਰਿਤ ਹੋਵੇ। ਇਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਹਮੇਸ਼ਾਂ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਦੇ ਸਭ ਤੋਂ ਵਧੀਆ ਹਿੱਤ ਵਿੱਚ ਕੀ ਹੈ।

3. ਕਿਸੇ ਵੀ ਇਕੱਲੇ ਅਭਿਆਸਕਰਤਾ ਕੋਲ ਬੱਚੇ ਦੀਆਂ ਲੋੜਾਂ ਅਤੇ ਹਾਲਾਤਾਂ ਦੀ ਪੂਰੀ ਤਸਵੀਰ ਨਹੀਂ ਹੋ ਸਕਦੀ ਹੈ। ਜੇ ਬੱਚਿਆਂ ਅਤੇ ਪਰਿਵਾਰਾਂ ਨੂੰ ਸਹੀ ਸਮੇਂ ਤੇ ਸਹੀ ਮਦਦ ਪ੍ਰਾਪਤ ਕਰਨੀ ਹੈ, ਤਾਂ ਹਰੇਕ ਵਿਅਕਤੀ ਜੋ ਉਨ੍ਹਾਂ ਨਾਲ ਸੰਪਰਕ ਵਿੱਚ ਆਉਂਦਾ ਹੈ, ਉਸ ਨੂੰ ਚਿੰਤਾਵਾਂ ਨੂੰ ਪਛਾਣਨ, ਜਾਣਕਾਰੀ ਨੂੰ ਸਾਂਝਾ ਕਰਨ ਅਤੇ ਤੁਰੰਤ ਕਾਰਵਾਈ ਕਰਨ ਵਿੱਚ ਭੂਮਿਕਾ ਅਦਾ ਕਰਨੀ ਪੈਂਦੀ ਹੈ। ਬੱਚਿਆਂ ਦੀ ਭਲਾਈ ਦੀ ਰੱਖਿਆ ਕਰਨ ਅਤੇ ਹੱਲਾਸ਼ੇਰੀ ਦੇਣ ਨੂੰ ਇਸ ਨਿਰਦੇਸ਼ਨ ਦੇ ਮੰਤਵਾਂ ਲਈ ਇਸ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ:

- ਜਿਵੇਂ ਹੀ ਸਮੱਸਿਆਵਾਂ ਆਉਂਦੀਆਂ ਹਨ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਹਾਇਤਾ ਅਤੇ ਸਮਰਥਨ ਪ੍ਰਦਾਨ ਕਰਨਾ
- ਬੱਚਿਆਂ ਨੂੰ ਬਦਸਲੂਕੀ ਤੋਂ ਬਚਾਉਣਾ, ਭਾਵੇਂ ਉਹ ਘਰ ਦੇ ਅੰਦਰ ਹੋਵੇ ਜਾਂ ਬਾਹਰ, ਔਨਲਾਈਨ ਸਮੇਤ
- ਬੱਚਿਆਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਜਾਂ ਵਿਕਾਸ ਵਿੱਚ ਨੁਕਸਾਨ ਨੂੰ ਬਚਾਉਣਾ
- ਯਕੀਨੀ ਬਣਾਉਣਾ ਕਿ ਬੱਚੇ ਉਨ੍ਹਾਂ ਹਾਲਾਤਾਂ ਵਿੱਚ ਵੱਡੇ ਹੋਣ ਜੋ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸੰਭਾਲ ਦੀ ਵਿਵਸਥਾ ਦੇ ਅਨੁਕੂਲ ਹੋਵੇ, ਅਤੇ
- ਸਾਰੇ ਬੱਚਿਆਂ ਨੂੰ ਸ੍ਰੇਸ਼ਠ ਪਰਿਣਾਮ ਦੇਣ ਦੇ ਯੋਗ ਬਣਾਉਣ ਲਈ ਕਾਰਵਾਈ ਕਰਨੀ

### ਸਕੂਲ ਅਤੇ ਕਾਲਜ ਸਟਾਫ ਦੀ ਭੂਮਿਕਾ

4. ਸਕੂਲ ਅਤੇ ਕਾਲਜ ਸਟਾਫ਼ ਚਿੰਤਾਵਾਂ ਦੀ ਜਲਦੀ ਪਛਾਣ ਕਰਨ, ਬੱਚਿਆਂ ਲਈ ਮਦਦ ਪ੍ਰਦਾਨ ਕਰਨ ਅਤੇ ਚਿੰਤਾਵਾਂ ਨੂੰ ਵਧਣ ਤੋਂ ਰੋਕਣ ਦੀ ਸਥਿਤੀ ਵਿੱਚ ਹਨ।

5. ਸਾਰੇ ਸਟਾਫ ਦੀ ਇੱਕ ਜਿੰਮੇਵਾਰੀ ਹੈ, ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਜਿਸ ਵਿੱਚ ਬੱਚੇ ਸਿੱਖ ਸਕਦੇ ਹਨ।

6. ਸਾਰੇ ਸਟਾਫ਼ ਨੂੰ ਉਨ੍ਹਾਂ ਬੱਚਿਆਂ ਦੀ ਪਛਾਣ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ ਜੋ ਫੈਮਿਲੀ ਹੈਲਪ [4] ਤੋਂ ਲਾਭ ਪ੍ਰਾਪਤ ਕਰ ਸਕਦੇ ਹਨ। ਫੈਮਿਲੀ ਹੈਲਪ ਦਾ ਅਰਥ ਹੈ ਬੱਚੇ ਦੇ ਜੀਵਨ ਦੇ ਕਿਸੇ ਵੀ ਪੜਾਅ 'ਤੇ, ਮੁੱਢਲੇ ਸਾਲਾਂ ਤੋਂ ਲੈ ਕੇ ਕਿਸ਼ੋਰ ਅਵਸਥਾ ਤੱਕ, ਕੋਈ ਸਮੱਸਿਆ ਆਉਣ 'ਤੇ ਤੁਰੰਤ ਸਹਾਇਤਾ ਪ੍ਰਦਾਨ ਕਰਨਾ।

7. ਅਜਿਹਾ ਕੋਈ ਵੀ ਸਟਾਫ਼ ਮੈਂਬਰ ਜਿਸ ਨੂੰ ਬੱਚੇ ਦੀ ਭਲਾਈ ਬਾਰੇ ਕੋਈ ਵੀ ਚਿੰਤਾ ਹੈ, ਉਸ ਨੂੰ ਪੈਰ੍ਹਿਆਂ 57-63 ਵਿੱਚ ਤੈਅ ਕੀਤੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਕਿਸੇ ਵੀ ਰੈਫਰਲ ਤੋਂ ਬਾਅਦ ਸਟਾਫ ਨੂੰ ਬੱਚਿਆਂ ਦੀ ਸਮਾਜਿਕ ਦੇਖਭਾਲ ਅਤੇ ਹੋਰ ਏਜੰਸੀਆਂ ਦਾ ਸਮਰਥਨ ਕਰਨ ਦੀ ਉਮੀਦ ਕਰਨੀ ਚਾਹੀਦੀ ਹੈ।

8. ਹਰੇਕ ਸਕੂਲ ਅਤੇ ਕਾਲਜ ਦਾ ਇੱਕ ਨਿਯਤ ਸੁਰੱਖਿਆ ਲੀਡਰ ਹੋਣਾ ਚਾਹੀਦਾ ਹੈ ਜੋ ਸਟਾਫ਼ ਨੂੰ ਉਨ੍ਹਾਂ ਦੀਆਂ ਸੁਰੱਖਿਆ ਜ਼ੁੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਹਾਇਤਾ ਮੁਹੱਈਆ ਕਰੇਗਾ ਅਤੇ ਜੋ ਬੱਚਿਆਂ ਦੀ ਸਮਾਜਿਕ ਸੰਭਾਲ ਵਰਗੀਆਂ ਹੋਰ ਸੇਵਾਵਾਂ ਨਾਲ ਨਜ਼ਦੀਕੀ ਨਾਲ ਸਥਾਨਕ ਅਧਿਕਾਰੀ ਵਜੋਂ ਤਾਲਮੇਲ ਕਰੇਗਾ।

9. ਇਸ ਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿ ਨਿਯਤ ਸੁਰੱਖਿਆ ਲੀਡਰ (ਅਤੇ ਹੋਰ ਕੋਈ ਡਿਪਟੀ) ਕੋਲ ਸਿੱਖਿਆ ਮਾਹੌਲ ਦੇ ਅੰਦਰ ਦੀ ਸੁਰੱਖਿਅਤ ਰੱਖਣ ਦੀ ਪੂਰੀ ਤਸਵੀਰ ਹੁੰਦੀ ਹੈ ਅਤੇ ਉਹ ਸੁਰੱਖਿਆ ਸਬੰਧੀ ਚਿੰਤਾਵਾਂ ਦੇ ਜਵਾਬ ਤੇ ਸਲਾਹ ਦੇਣ ਲਈ ਸਭ ਤੋਂ ਢੁੱਕਵਾਂ ਵਿਅਕਤੀ ਹੁੰਦਾ ਹੈ।

10. ਟੀਚਰਜ਼ ਸਟੈਂਡਰਡ 2012 ਕਹਿੰਦੇ ਹਨ ਕਿ ਅਧਿਆਪਕਾਂ (ਜਿਸ ਵਿੱਚ ਮੁੱਖ ਅਧਿਆਪਕ ਵੀ ਸ਼ਾਮਲ ਹਨ) ਨੂੰ ਬੱਚਿਆਂ ਦੀ ਭਲਾਈ ਦੀ ਸੁਰੱਖਿਆ ਕਰਨੀ ਚਾਹੀਦੀ ਹੈ ਅਤੇ ਆਪਣੀਆਂ ਪੇਸ਼ੇਵਰ ਜ਼ੁੰਮੇਵਾਰੀਆਂ ਵਜੋਂ ਅਧਿਆਪਨ ਦੇ ਪੇਸ਼ੇ ਵਿੱਚ ਜਨਤਕ ਭਰੋਸਾ ਕਾਇਮ ਰੱਖਣਾ ਚਾਹੀਦਾ ਹੈ।[5]

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਜਾਣਨ ਦੀ ਲੋੜ ਹੁੰਦੀ ਹੈ

11. ਸਾਰੇ ਸਟਾਫ਼ ਨੂੰ ਉਨ੍ਹਾਂ ਦੇ ਸਕੂਲ ਜਾਂ ਕਾਲਜ ਅੰਦਰਲੀਆਂ ਪ੍ਰਣਾਲੀਆਂ ਬਾਰੇ ਜਾਣੂ ਹੋਣਾ ਚਾਹੀਦਾ ਹੈ ਜੋ ਸੁਰੱਖਿਆ ਦਾ ਸਮਰਥਨ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਸਟਾਫ਼ ਇੰਡਕਸ਼ਨ ਦੇ ਹਿੱਸੇ ਵਜੋਂ ਸਟਾਫ਼ ਨੂੰ ਵਿਸਤਾਰ ਵਿੱਚ ਦੱਸਣਾ ਚਾਹੀਦਾ ਹੈ। ਇਸ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਬਾਲ ਸੁਰੱਖਿਆ ਨੀਤੀ, (ਜਿਸ ਵਿੱਚ ਹੋਰ ਚੀਜ਼ਾਂ ਦੇ ਨਾਲ -ਨਾਲ ਬੱਚੇ ਨਾਲ ਬਦਸਲੂਕੀ ਕਰਨ ਵਾਲੇ ਨਾਲ ਨਜਿੱਠਣ ਲਈ ਨੀਤੀ ਅਤੇ ਪ੍ਰਕਿਰਿਆਵਾਂ ਵੀ ਸ਼ਾਮਲ ਹੋਣੀਆਂ ਚਾਹੀਦੀਆਂ ਹਨ)
- ਵਿਵਹਾਰ ਨੀਤੀ (ਜਿਸ ਵਿੱਚ ਧੱਕੇਸ਼ਾਹੀ ਨੂੰ ਰੋਕਣ ਦੇ ਉਪਾਅ ਸ਼ਾਮਲ ਹੋਣੇ ਚਾਹੀਦੇ ਹਨ, ਇਸ ਵਿੱਚ ਸ਼ਾਮਲ ਹੈ ਸਾਈਬਰ ਧੱਕੇਸ਼ਾਹੀ, ਪੱਖਪਾਤ ਅਧਾਰਤ ਅਤੇ ਭੇਦਭਾਵ ਵਾਲੀ ਧੱਕੇਸ਼ਾਹੀ)।[6]
- ਸਟਾਫ ਵਿਵਹਾਰ ਨੀਤੀ (ਕਈ ਵਾਰੀ ਇਸ ਨੂੰ ਆਚਾਰ ਮਰਿਆਦਾ ਕਿਹਾ ਜਾਂਦਾ ਹੈ) ਵਿੱਚ ਹੋਰ ਚੀਜ਼ਾਂ ਦੇ ਨਾਲ-ਨਾਲ ਛੋਟੇ ਪੱਧਰ ਦੀਆਂ ਚਿੰਤਾਵਾਂ, ਸਟਾਫ ਦੇ ਵਿਰੁੱਧ ਦੋਸ਼ ਅਤੇ ਦੋਸ਼ੀ ਠਹਿਰਾਉਣਾ ਸ਼ਾਮਲ ਹੋਣਾ ਚਾਹੀਦਾ ਹੈ
- ਸਿੱਖਿਆ ਤੋਂ ਗੈਰਹਾਜ਼ਰ ਰਹਿਣ ਵਾਲੇ ਬੱਚਿਆਂ ਲਈ ਪ੍ਰਤੀਕਿਰਿਆ ਨੂੰ ਸੁਰੱਖਿਅਤ ਕਰਨਾ, ਖਾਸ ਤੌਰ 'ਤੇ ਵਾਰ ਵਾਰ ਘਟਣ ਵਾਲੇ ਮੌਕਿਆਂ ਅਤੇ/ਜਾਂ ਲੰਬੀਆਂ ਅਵਧੀਆਂ

[4] ਸ਼ੁਰੂਆਤੀ ਮਦਦ 'ਤੇ ਵਿਸਤ੍ਰਿਤ ਜਾਣਕਾਰੀ ਨੂੰ ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ (Working Together to Safeguard Children) ਵਿੱਚ ਦੇਖਿਆ ਜਾ ਸਕਦਾ ਹੈ।
[5] ਟੀਚਰਜ਼' ਸਟੈਂਡਰਡਸ
[6] ਸਾਰੇ ਸਕੂਲਾਂ ਲਈ ਇੱਕ ਵਰਤਾਅ ਨੀਤੀ ਹੋਣੀ ਜ਼ਰੂਰੀ ਹੈ (ਪੂਰੇ ਵੇਰਵੇ ਇੱਥੇ ਮੌਜੂਦ ਹਨ)। ਜੇ ਕੋਈ ਕਾਲਜ ਇੱਕ ਵਰਤਾਅ ਨੀਤੀ ਹੋਣ ਨੂੰ ਚੁਣਦਾ ਹੈ ਤਾਂ ਇਸ ਨੂੰ ਉੱਪਰ ਦੱਸੇ ਅਨੁਸਾਰ ਸਟਾਫ ਨੂੰ ਪ੍ਰਦਾਨ ਕਰਨਾ ਚਾਹੀਦਾ ਹੈ।

- ਨਿਯਤ ਸੁਰੱਖਿਆ ਲੀਡਰ (ਨਿਯਤ ਸੁਰੱਖਿਆ ਲੀਡਰ ਅਤੇ ਕਿਸੇ ਵੀ ਡਿਪਟੀ ਦੀ ਪਛਾਣ ਸਮੇਤ) ਦੀ ਭੂਮਿਕਾ।

ਨੀਤੀਆਂ ਦੀਆਂ ਕਾਪੀਆਂ ਅਤੇ ਇਸ ਦਸਤਾਵੇਜ਼ ਦੇ **ਭਾਗ ਇੱਕ** (ਜਾਂ ਅੰਤਿਕਾ A, ਜੇ ਸਹੀ ਰਹੇ) ਦੀ ਕਾਪੀ **ਸਾਰੇ** ਸਟਾਫ ਨੂੰ ਇੰਡਕਸ਼ਨ ਦੇ ਸਮੇਂ ਮੁਹੱਈਆ ਕਰਨੀ ਚਾਹੀਦੀ ਹੈ।

12. ਸਾਰੇ ਸਟਾਫ਼ ਨੂੰ ਸ਼ਾਮਲ ਕਰਨ ਵੇਲੇ ਉਚਿਤ ਸੁਰੱਖਿਆ ਅਤੇ ਬਾਲ ਸੁਰੱਖਿਆ ਸਿਖਲਾਈ (ਔਨਲਾਈਨ ਸੁਰੱਖਿਆ ਸਮੇਤ, ਜਿਸ ਵਿੱਚ, ਹੋਰ ਚੀਜ਼ਾਂ ਸਮੇਤ ਫਿਲਟਰਿੰਗ ਅਤੇ ਨਿਗਰਾਨੀ ਦੇ ਸਬੰਧ ਵਿੱਚ ਉਮੀਦਾਂ, ਲਾਗੂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਦੀ ਸਮਝ ਸ਼ਾਮਲ ਹੁੰਦੀ ਹੈ - ਹੋਰ ਜਾਣਕਾਰੀ ਲਈ ਪੈਰਾ 173-177 ਦੇਖੋ ਪ੍ਰਾਪਤ ਕਰਨੀ ਚਾਹੀਦੀ ਹੈ। ਸਿਖਲਾਈ ਨੂੰ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਾਰੇ ਸਟਾਫ਼ ਨੂੰ ਸੁਰੱਖਿਆ ਅਤੇ ਬਾਲ ਸੁਰੱਖਿਆ (ਔਨਲਾਈਨ ਸੁਰੱਖਿਆ ਸਮੇਤ) ਅੱਪਡੇਟ (ਉਦਾਹਰਨ ਲਈ, ਈਮੇਲ, ਈ-ਬੁਲਿਟਨ ਅਤੇ ਸਟਾਫ਼ ਮੀਟਿੰਗਾਂ ਰਾਹੀਂ) ਪ੍ਰਾਪਤ ਕਰਨੇ ਚਾਹੀਦੇ ਹਨ ਅਤੇ ਘੱਟੋ-ਘੱਟ ਸਾਲਾਨਾ ਤੌਰ 'ਤੇ, ਤਾਂ ਜੋ ਬੱਚਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਅਤ ਕਰਨ ਲਈ ਉਨ੍ਹਾਂ ਨੂੰ ਢੁਕਵੇਂ ਹੁਨਰ ਅਤੇ ਗਿਆਨ ਮੁਹੱਈਆ ਕਰਨਾ ਜਾਰੀ ਰੱਖਿਆ ਜਾਏ।

13. ਸਾਰੇ ਸਟਾਫ਼ ਨੂੰ ਕਮਿਊਨਿਟੀ-ਅਧਾਰਤ ਪਰਿਵਾਰਕ ਸਹਾਇਤਾ ਮੁਲਾਂਕਣਾਂ ਦੀ ਪ੍ਰਕਿਰਿਆ ਤੋਂ ਜਾਣੂ ਹੋਣਾ ਚਾਹੀਦਾ ਹੈ:

- ਮਾਪਦੰਡ, ਜਿਸ ਵਿੱਚ ਲੋੜ ਦਾ ਪੱਧਰ ਵੀ ਸ਼ਾਮਲ ਹੈ, ਜਦੋਂ ਇੱਕ ਕੇਸ ਨੂੰ ਪਰਿਵਾਰਕ ਸਹਾਇਤਾ ਸਹਾਇਤਾ ਅਤੇ ਸੇਵਾਵਾਂ ਲਈ ਭੇਜਿਆ ਜਾਣਾ ਚਾਹੀਦਾ ਹੈ ਜੋ ਇੱਥੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ:
  - ਨਿਸ਼ਾਨਾਬੱਧ ਸ਼ੁਰੂਆਤੀ ਸਹਾਇਤਾ ਪੱਧਰ (ਚਿਲਡਰਨ ਐਕਟ 2004 ਦੇ ਸੈਕਸ਼ਨ 10 ਅਤੇ 11 ਦੇ ਤਹਿਤ), ਅਤੇ
  - ਚਿਲਡਰਨ ਐਕਟ 1989 ਦੀ ਧਾਰਾ 17 ਦੇ ਤਹਿਤ ਪ੍ਰਦਾਨ ਕੀਤੀਆਂ ਗਈਆਂ ਕਾਨੂੰਨੀ ਸੇਵਾਵਾਂ (ਲੋੜਵੰਦ ਬੱਚੇ, ਇਹ ਵੀ ਸ਼ਾਮਲ ਹੈ ਕਿ ਇਹ ਅਪਾਹਜ ਬੱਚਿਆਂ ਲਈ ਕਿਵੇਂ ਲਾਗੂ ਹੁੰਦਾ ਹੈ)
- ਮਾਪਦੰਡ, ਜਿਸ ਵਿੱਚ ਲੋੜ ਦਾ ਪੱਧਰ ਵੀ ਸ਼ਾਮਲ ਹੈ, ਜਦੋਂ ਇੱਕ ਕੇਸ ਨੂੰ ਸਥਾਨਕ ਅਥਾਰਟੀ ਬੱਚਿਆਂ ਦੀ ਸਮਾਜਿਕ ਦੇਖਭਾਲ ਨੂੰ ਮੁਲਾਂਕਣ ਲਈ ਅਤੇ ਚਿਲਡਰਨ ਐਕਟ 1989 ਦੀ ਧਾਰਾ 47 ਦੇ ਤਹਿਤ ਕਾਨੂੰਨੀ ਸੇਵਾਵਾਂ ਲਈ ਭੇਜਿਆ ਜਾਣਾ ਚਾਹੀਦਾ ਹੈ (ਸ਼ੱਕ ਕਰਨ ਦਾ ਵਾਜਬ ਕਾਰਨ ਕਿ ਕੋਈ ਬੱਚਾ ਪੀੜਤ ਹੈ ਜਾਂ ਮਹੱਤਵਪੂਰਨ ਨੁਕਸਾਨ ਦਾ ਸਾਹਮਣਾ ਕਰ ਰਿਹਾ ਹੈ)
  - ਚਿਲਡਰਨ ਐਕਟ 1989 ਦੀ ਧਾਰਾ 31 (ਦੇਖਭਾਲ ਅਤੇ ਨਿਗਰਾਨੀ ਆਦੇਸ਼), ਅਤੇ
  - ਚਿਲਡਰਨ ਐਕਟ 1989 ਦੀ ਧਾਰਾ 20 (ਬੱਚੇ ਨੂੰ ਅਨੁਕੂਲ ਬਣਾਉਣ ਦਾ ਫਰਜ਼)
- ਅਤੇ ਇਹਨਾਂ ਨਾਲ ਸਬੰਧਤ ਮਾਮਲਿਆਂ ਲਈ ਸਪੱਸ਼ਟ ਪ੍ਰਕਿਰਿਆਵਾਂ ਅਤੇ ਪ੍ਰਕਿਰਿਆਵਾਂ:
  - ਬੱਚਿਆਂ ਨਾਲ ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ
  - ਯੁਵਾ ਸੁਰੱਖਿਅਤ ਜਾਇਦਾਦ ਦੇ ਅੰਦਰ ਪ੍ਰਬੰਧਿਤ ਬੱਚੇ
  - ਅਪਾਹਜ ਬੱਚੇ

14. ਸਾਰੇ ਸਟਾਫ਼ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਬੱਚੇ ਵੱਲੋਂ ਉਨ੍ਹਾਂ ਨੂੰ ਉਸ ਨਾਲ ਹੋਏ ਦੁਰਵਿਵਹਾਰ, ਸ਼ੋਸ਼ਣ ਜਾਂ ਉਸ ਨਾਲ ਹੋਈ ਅਣਗਹਿਲੀ ਬਾਰੇ ਦੱਸੇ ਜਾਣ 'ਤੇ ਕੀ ਕਰਨਾ ਹੈ। ਸਟਾਫ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੋਪਨੀਅਤਾ

ਦੇ ਉਚਿਤ ਪੱਧਰ ਨੂੰ ਕਾਇਮ ਰੱਖਣ ਲਈ ਜ਼ਰੂਰਤ ਦਾ ਪ੍ਰਬੰਧ ਕਿਵੇਂ ਕਰਨਾ ਹੈ। ਇਸ ਦਾ ਭਾਵ ਹੈ ਕਿ ਸਿਰਫ਼ ਉਨ੍ਹਾਂ ਲੋਕਾਂ ਨੂੰ ਸ਼ਾਮਲ ਕਰਨਾ ਜਿਨ੍ਹਾਂ ਨੂੰ ਸ਼ਾਮਲ ਕਰਨ ਦੀ ਲੋੜ ਹੈ, ਜਿਵੇਂ ਕਿ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਅਤੇ ਬੱਚਿਆਂ ਦੀ ਸਮਾਜਿਕ ਸੰਭਾਲ। ਸਟਾਫ ਨੂੰ ਕਦੇ ਵੀ ਕਿਸੇ ਬੱਚੇ ਨਾਲ ਵਾਅਦਾ ਨਹੀਂ ਕਰਨਾ ਚਾਹੀਦਾ ਕਿ ਉਹ ਕਿਸੇ ਨੂੰ ਕਿਸੇ ਵੀ ਤਰ੍ਹਾਂ ਦੇ ਮਾੜੇ ਵਤੀਰੇ ਦੀ ਰਿਪੋਰਟ ਬਾਰੇ ਨਹੀਂ ਦੱਸੇਗਾ, ਕਿਉਂਕਿ ਇਹ ਆਖਰਕਾਰ ਬੱਚੇ ਦੇ ਸਭ ਤੋਂ ਚੰਗੇ ਹਿੱਤਾਂ ਵਿੱਚ ਨਹੀਂ ਹੋ ਸਕਦਾ।

15. ਸਾਰੇ ਸਟਾਫ ਪੀੜਤਾਂ ਨੂੰ ਭਰੋਸਾ ਦਿਵਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਸਮਰਥਨ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਿਆ ਜਾਵੇਗਾ। ਕਿਸੇ ਪੀੜਤ ਨੂੰ ਕਦੇ ਵੀ ਇਹ ਪ੍ਰਭਾਵ ਨਹੀਂ ਦੇਣਾ ਚਾਹੀਦਾ ਕਿ ਉਹ ਦੁਰਵਿਵਹਾਰ ਅਤੇ/ਜਾਂ ਅਣਗੌਲਿਆਂ ਕੀਤੇ ਜਾਣ ਦੀ ਰਿਪੋਰਟ ਦੇ ਕੇ ਸਮੱਸਿਆ ਪੈਦਾ ਕਰ ਰਹੇ ਹਨ। ਨਾ ਹੀ ਕਿਸੇ ਪੀੜਤ ਨੂੰ ਰਿਪੋਰਟ ਬਣਾਉਣ ਲਈ ਸ਼ਰਮਿੰਦਾ ਹੋਣਾ ਚਾਹੀਦਾ ਹੈ।

16. ਸਾਰੇ ਸਟਾਫ਼ ਨੂੰ ਇਸ ਗੱਲ ਤੋਂ ਸੁਚੇਤ ਹੋਣਾ ਚਾਹੀਦਾ ਹੈ ਕਿ ਬੱਚੇ ਸ਼ਾਇਦ ਦੱਸਣ ਲਈ ਤਿਆਰ ਮਹਿਸੂਸ ਨਹੀਂ ਕਰਦੇ ਜਾਂ ਇਹ ਨਹੀਂ ਜਾਣਦੇ ਹਨ ਕਿ ਕਿਸੇ ਨੂੰ ਕਿਵੇਂ ਦੱਸਣਾ ਹੈ ਕਿ ਉਨ੍ਹਾਂ ਨਾਲ ਮਾੜਾ ਵਤੀਰਾ, ਸ਼ੋਸ਼ਣ ਜਾਂ ਅਣਗਹਿਲੀ ਕੀਤੀ ਜਾ ਰਹੀ ਹੈ ਅਤੇ/ਜਾਂ ਉਹ ਆਪਣੇ ਤਜ਼ਰਬਿਆਂ ਨੂੰ ਨੁਕਸਾਨਦੇਹ ਵਜੋਂ ਨਹੀਂ ਪਛਾਣ ਸਕਦੇ। ਉਦਾਹਰਨ ਲਈ, ਬੱਚੇ ਸ਼ਰਮਿੰਦਾ ਮਹਿਸੂਸ ਕਰ ਸਕਦੇ ਹਨ, ਅਪਮਾਨਿਤ ਹੋ ਸਕਦੇ ਹਨ, ਜਾਂ ਉਨ੍ਹਾਂ ਨੂੰ ਧਮਕਾਇਆ ਜਾ ਰਿਹਾ ਹੈ। ਇਹ ਉਨ੍ਹਾਂ ਦੀ ਕਮਜ਼ੋਰੀ, ਅਪਾਹਜਤਾ ਅਤੇ/ਜਾਂ ਜਿਨਸੀ ਝੁਕਾਅ ਜਾਂ ਭਾਸ਼ਾ ਦੀਆਂ ਰੁਕਾਵਟਾਂ ਦੇ ਕਾਰਨ ਹੋ ਸਕਦਾ ਹੈ। ਜੇ ਸਟਾਫ਼ ਨੂੰ ਕਿਸੇ ਬੱਚੇ ਬਾਰੇ ਚਿੰਤਾਵਾਂ ਹਨ ਇਸ ਸਟਾਫ ਨੂੰ ਪੇਸ਼ੇਵਰ ਉਤਸੁਕਤਾ ਰੱਖਣ ਅਤੇ ਮਨੋਨੀਤ ਸੁਰੱਖਿਆ ਲੀਡ (ਜਾਂ ਕਿਸੇ ਡਿਪਟੀ) ਨਾਲ ਗੱਲ ਕਰਨ ਤੋਂ ਨਹੀਂ ਰੋਕਣਾ ਚਾਹੀਦਾ। ਇਹ ਵੀ ਮਹੱਤਵਪੂਰਨ ਹੈ ਕਿ ਸਟਾਫ ਇਹ ਨਿਰਧਾਰਿਤ ਕਰੇ ਕਿ ਭਰੋਸੇਮੰਦ ਰਿਸ਼ਤੇ ਕਿਸ ਤਰ੍ਹਾਂ ਬਣਾਉਣੇ ਹਨ ਜੋ ਬੱਚਿਆਂ ਅਤੇ ਨੌਜਵਾਨਾਂ ਨਾਲ ਸੰਚਾਰ ਦੀ ਸਹੂਲਤ ਦਿੰਦੇ ਹਨ।

17. ਸਾਰੇ ਸਟਾਫ਼ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਬੱਚੇ ਪੱਖਪਾਤ-ਅਧਾਰਤ ਨੁਕਸਾਨ ਦਾ ਅਨੁਭਵ ਕਰ ਸਕਦੇ ਹਨ, ਜਿਸ ਵਿੱਚ ਨਸਲਵਾਦ, ਵਿਸ਼ਵਾਸ-ਅਧਾਰਤ ਪੱਖਪਾਤ, ਅਤੇ ਵਿਤਕਰੇ ਦੇ ਹੋਰ ਰੂਪ ਸ਼ਾਮਲ ਹਨ। ਅਜਿਹੇ ਅਨੁਭਵ ਬੱਚੇ ਦੀ ਭਲਾਈ, ਤੰਦਰੁਸਤੀ, ਮਾਨਸਿਕ ਸਿਹਤ ਅਤੇ ਮਦਦ ਲੈਣ ਦੀ ਇੱਛਾ ਨੂੰ ਪ੍ਰਭਾਵਤ ਕਰ ਸਕਦੇ ਹਨ। ਸਟਾਫ਼ ਨੂੰ ਪੱਖਪਾਤ-ਅਧਾਰਤ ਨੁਕਸਾਨ ਦੇ ਸੰਕੇਤਾਂ ਅਤੇ ਪ੍ਰਭਾਵ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿੱਥੇ ਢੁਕਵਾਂ ਹੋਵੇ ਸੁਰੱਖਿਆ ਅਭਿਆਸ ਦੇ ਅੰਦਰ ਚਿੰਤਾਵਾਂ 'ਤੇ ਵਿਚਾਰ ਕੀਤਾ ਜਾਵੇ।

# ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕਿਸ ਚੀਜ਼ ਦਾ ਧਿਆਨ ਰੱਖਣਾ ਚਾਹੀਦਾ ਹੈ

## ਕਾਨੂੰਨੀ ਦਖਲਅੰਦਾਜ਼ੀ ਤੋਂ ਪਹਿਲਾਂ ਸਹਾਇਤਾ

18. ਕਿਸੇ ਕੋਈ ਵੀ ਬੱਚਾ ਕਾਨੂੰਨੀ ਦਖਲਅੰਦਾਜ਼ੀ ਤੋਂ ਪਹਿਲਾਂ ਸਹਾਇਤਾ ਤੋਂ ਲਾਭ ਪ੍ਰਾਪਤ ਕਰ ਸਕਦਾ ਹੈ, ਜਿਸ ਵਿੱਚ ਯੂਨੀਵਰਸਲ ਸੇਵਾਵਾਂ ਅਤੇ ਕਮਿਊਨਿਟੀ-ਅਧਾਰਤ ਅਰਲੀ ਹੈਲਪ, ਜਾਂ ਫੈਮਿਲੀ ਹੈਲਪ ਦੇ ਨਿਸ਼ਾਨਾਬੱਧ ਸ਼ੁਰੂਆਤੀ ਮਦਦ ਪੱਧਰ ਸ਼ਾਮਲ ਹਨ। ਸਾਰੇ ਸਕੂਲ ਅਤੇ ਕਾਲਜ ਸਟਾਫ਼ ਨੂੰ ਇੱਕ ਬੱਚੇ ਲਈ ਵਾਧੂ ਸਹਾਇਤਾ ਦੀ ਸੰਭਾਵੀ ਲੋੜ ਪ੍ਰਤੀ ਖਾਸ ਤੌਰ 'ਤੇ ਸੁਚੇਤ ਰਹਿਣਾ ਚਾਹੀਦਾ ਹੈ ਜੋ:

- ਅਪਾਹਜ ਹੈ ਜਾਂ ਕੁਝ ਸਿਹਤ ਸਥਿਤੀਆਂ ਵਾਲਾ ਹੈ ਅਤੇ ਖਾਸ ਵਾਧੂ ਲੋੜਾਂ ਵਾਲਾ ਹੈ
- ਵਿਸ਼ੇਸ਼ ਵਿਦਿਅਕ ਲੋੜਾਂ ਵਾਲਾ ਹੈ (ਭਾਵੇਂ ਉਹਨਾਂ ਕੋਲ ਇੱਕ ਕਾਨੂੰਨੀ ਸਿੱਖਿਆ, ਸਿਹਤ ਅਤੇ ਦੇਖਭਾਲ ਯੋਜਨਾ ਹੋਵੇ ਜਾਂ ਨਾ ਹੋਵੇ)

- ਮਾਨਸਿਕ ਸਿਹਤ ਲੋੜਾਂ ਵਾਲਾ ਹੈ
- ਇੱਕ ਨੌਜਵਾਨ ਦੇਖਭਾਲ ਕਰਨ ਵਾਲਾ ਹੈ
- ਗਰਭਵਤੀ ਹੈ ਅਤੇ/ਜਾਂ ਖੁਦ ਇੱਕ ਮਾਪਾ ਹੈ
- ਦੁਰਵਿਵਹਾਰ, ਹਿੰਸਕ ਅਤੇ/ਜਾਂ ਨੁਕਸਾਨਦੇਹ ਵਿਵਹਾਰ ਦੇ ਸ਼ੁਰੂਆਤੀ ਸੰਕੇਤ ਦਿਖਾਏ ਹਨ
- ਸਮਾਜ-ਵਿਰੋਧੀ ਜਾਂ ਅਪਰਾਧਿਕ ਵਿਵਹਾਰ ਵੱਲ ਜਾਣ ਦੇ ਸੰਕੇਤ ਦਿਖਾ ਰਿਹਾ ਹੈ, ਜਿਸ ਵਿੱਚ ਗੈਂਗ ਦੀ ਸ਼ਮੂਲੀਅਤ ਅਤੇ ਸੰਗਠਿਤ ਅਪਰਾਧ ਸਮੂਹਾਂ ਜਾਂ ਕਾਉਂਟੀ ਲਾਈਨਾਂ ਨਾਲ ਸਬੰਧ ਸ਼ਾਮਲ ਹਨ
- ਸਿੱਖਿਆ, ਘਰ ਜਾਂ ਦੇਖਭਾਲ ਤੋਂ ਅਕਸਰ ਲਾਪਤਾ/ ਗੈਰ-ਹਾਜ਼ਰ ਹੋ ਜਾਂਦਾ ਹੈ
- ਕਲਾਸਰੂਮ ਤੋਂ ਵਾਰ-ਵਾਰ ਹਟਾ ਦਿੱਤਾ ਗਿਆ ਹੈ, ਕਈ ਵਾਰ ਮੁਅੱਤਲ ਕੀਤਾ ਗਿਆ ਹੈ, ਪਾਰਟ-ਟਾਈਮ ਸਮਾਂ-ਸਾਰਣੀ 'ਤੇ ਹੈ, ਸਕੂਲਾਂ, ਕਾਲਜਾਂ ਅਤੇ ਵਿਕਲਪਕ ਪ੍ਰਬੰਧ ਜਾਂ ਵਿਦਿਆਰਥੀ ਰੈਫਰਲ ਯੂਨਿਟ ਤੋਂ ਸਥਾਈ ਤੌਰ 'ਤੇ ਬਾਹਰ ਕੀਤੇ ਜਾਣ ਦੇ ਜੋਖਮ ਵਿੱਚ ਹੈ
- ਅਪਰਾਧਿਕ ਜਾਂ ਜਿਨਸੀ ਸ਼ੋਸ਼ਣ ਸਮੇਤ, ਸ਼ੋਸ਼ਣ, ਆਧੁਨਿਕ ਗੁਲਾਮੀ, ਤਸਕਰੀ, ਦੇ ਜੋਖਮ ਵਿੱਚ ਹੈ
- ਅੱਤਵਾਦ ਵਿੱਚ ਕੱਟੜਪੰਥੀ ਹੋਣ ਦਾ ਜੋਖਮ ਹੈ
- ਇੱਕ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲਾ ਹਿਰਾਸਤ ਵਿੱਚ ਹੈ, ਜਾਂ ਮਾਪਿਆਂ ਦੇ ਅਪਰਾਧ ਤੋਂ ਪ੍ਰਭਾਵਿਤ ਹੈ
- ਪਰਿਵਾਰਕ ਹਾਲਾਤਾਂ ਵਿੱਚ ਜੋ ਬੱਚੇ ਲਈ ਚੁਣੌਤੀਆਂ ਪੇਸ਼ ਕਰਦੇ ਹਨ, ਜਿਵੇਂ ਕਿ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਦੀ ਦੁਰਵਰਤੋਂ, ਬਾਲਗ ਮਾਨਸਿਕ ਸਿਹਤ ਸਮੱਸਿਆਵਾਂ ਅਤੇ ਘਰੇਲੂ ਹਿੰਸਾ
- ਸ਼ਰਾਬ ਅਤੇ ਹੋਰ ਨਸ਼ਿਆਂ ਦੀ ਖੁਦ ਦੁਰਵਰਤੋਂ ਕਰ ਰਿਹਾ ਹੈ
- ਸਨਮਾਨ ਜਾਂ ਵਿਸ਼ਵਾਸ-ਅਧਾਰਤ ਦੁਰਵਿਵਹਾਰ ਜਿਵੇਂ ਕਿ ਔਰਤ ਜਣਨ ਅੰਗ ਕੱਟਣਾ ਜਾਂ ਜ਼ਬਰਦਸਤੀ ਵਿਆਹ ਦਾ ਖ਼ਤਰਾ ਹੈ, ਅਤੇ
- ਨਿੱਜੀ ਤੌਰ ਤੇ ਪਾਲਿਆ ਗਿਆ ਬੱਚਾ ਹੈ।

## ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ

19. ਸਾਰੇ ਸਟਾਫ਼ ਨੂੰ ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਅਤੇ ਆਧੁਨਿਕ ਗੁਲਾਮੀ (ਹੇਠਾਂ ਦੇਖੋ) ਦੇ ਸੂਚਕਾਂ ਤੋਂ ਸੁਚੇਤ ਹੋਣਾ ਚਾਹੀਦਾ ਹੈ, ਇਹ ਸਮਝਦੇ ਹੋਏ ਕਿ ਬੱਚਿਆਂ ਨੂੰ ਸਕੂਲ/ਕਾਲਜ ਦੇ ਅੰਦਰ ਅਤੇ ਬਾਹਰ, ਘਰ ਦੇ ਅੰਦਰ ਅਤੇ ਬਾਹਰ ਅਤੇ ਔਨਲਾਈਨ ਨੁਕਸਾਨ ਦਾ ਖ਼ਤਰਾ ਹੋ ਸਕਦਾ ਹੈ। ਪੇਸ਼ੇਵਰ ਉਤਸੁਕਤਾ ਦਾ ਅਭਿਆਸ ਕਰਨਾ ਅਤੇ ਇਹ ਜਾਣਨਾ ਕਿ ਦੁਰਵਿਵਹਾਰ ਅਤੇ ਅਣਗਹਿਲੀ ਦੀ ਸ਼ੁਰੂਆਤੀ ਪਛਾਣ ਲਈ ਜ਼ਰੂਰੀ ਹੈ ਤਾਂ ਜੋ ਸਟਾਫ ਉਨ੍ਹਾਂ ਬੱਚਿਆਂ ਦੇ ਮਾਮਲਿਆਂ ਦੀ ਪਛਾਣ ਕਰ ਸਕੇ ਜਿਨ੍ਹਾਂ ਨੂੰ ਮਦਦ ਜਾਂ ਸੁਰੱਖਿਆ ਦੀ ਲੋੜ ਹੋ ਸਕਦੀ ਹੈ।

20. ਸਾਰੇ ਸਟਾਫ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੁਰਵਿਵਹਾਰ, ਅਣਗਹਿਲੀ, ਸ਼ੋਸ਼ਣ ਅਤੇ ਸੁਰੱਖਿਆ ਦੇ ਮੁੱਦੇ ਬਹੁਤ ਘੱਟ ਇਕੱਲੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਸਿਰਫ਼ ਇੱਕ ਪਰਿਭਾਸ਼ਾ ਜਾਂ ਇੱਕ ਲੇਬਲ ਦੁਆਰਾ ਕਵਰ ਨਹੀਂ ਕੀਤਾ ਜਾ ਸਕਦਾ। ਜ਼ਿਆਦਾਤਰ ਮਾਮਲਿਆਂ ਵਿੱਚ, ਇਕ ਤੋਂ ਵੱਧ ਮੁੱਦੇ ਇੱਕ ਦੂਜੇ ਨਾਲ ਜੁੜੇ ਹੋਣਗੇ।

21. ਸਾਰੇ ਸਟਾਫ, ਪਰ ਖਾਸ ਤੌਰ 'ਤੇ ਨਾਮਜ਼ਦ ਸੇਫਗਾਰਡਿੰਗ ਲੀਡ (ਅਤੇ ਡਿਪਟੀ) ਨੂੰ ਵਿਚਾਰਨਾ ਚਾਹੀਦਾ ਹੈ ਕਿ ਕੀ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਬਾਹਰ ਦੀਆਂ ਸਥਿਤੀਆਂ ਵਿੱਚ ਦੁਰਵਿਵਹਾਰ ਜਾਂ ਸ਼ੋਸ਼ਣ ਦਾ ਜੋਖ਼ਮ ਹੈ। ਵਾਧੂ-ਪਰਿਵਾਰਕ ਨੁਕਸਾਨ ਕਈ ਤਰ੍ਹਾਂ ਦੇ ਵੱਖੋ-ਵੱਖਰੇ ਰੂਪ ਲੈਂਦੇ ਹਨ ਅਤੇ ਬੱਚੇ ਕਈ ਨੁਕਸਾਨਾਂ ਲਈ ਕਮਜ਼ੋਰ ਹੋ ਸਕਦੇ ਹਨ (ਪਰ ਇਸ ਤੱਕ ਸੀਮਤ ਨਹੀਂ) ਜਿਨਸੀ ਸ਼ੋਸ਼ਣ (ਪ੍ਰੇਸ਼ਾਨ ਅਤੇ ਸ਼ੋਸ਼ਣ ਸਮੇਤ), ਆਪਣੇ ਗੂੜ੍ਹੇ ਸਬੰਧਾਂ ਵਿੱਚ ਘਰੇਲੂ ਬਦਸਲੂਕੀ (ਨੌਜਵਾਨ ਸਬੰਧਾਂ ਵਾਲੇ ਦੁਰਵਿਵਹਾਰ-ਜਿਸ ਵਿੱਚ ਸਰੀਰਕ, ਜਿਨਸੀ, ਭਾਵਨਾਤਮਕ ਸ਼ੋਸ਼ਣ, ਅਤੇ ਪਿੱਛਾ ਕਰਨਾ ਸ਼ਾਮਲ ਹੈ), ਅਪਰਾਧਿਕ ਸ਼ੋਸ਼ਣ (ਵਿੱਤੀ ਸ਼ੋਸ਼ਣ ਸਮੇਤ), ਗੰਭੀਰ ਨੌਜਵਾਨੀ ਹਿੰਸਾ, ਕਾਉਂਟੀ ਲਾਈਨਜ਼ ਅਤੇ ਕੱਟੜਪੰਥੀ।

22. ਸਾਰੇ ਸਟਾਫ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਤਕਨੀਕ ਬਹੁਤ ਸਾਰੇ ਸੁਰੱਖਿਆ ਅਤੇ ਤੰਦਰੁਸਤੀ ਦੇ ਮੁੱਦਿਆਂ ਵਿੱਚ ਇੱਕ ਮਹੱਤਵਪੂਰਨ ਹਿੱਸਾ ਹੈ। ਬੱਚਿਆਂ ਨੂੰ ਆਨਲਾਈਨ ਦੇ ਨਾਲ ਨਾਲ ਆਹਮੋ -ਸਾਹਮਣੇ ਮਾੜੇ ਵਤੀਰੇ ਹੋਣ ਦਾ ਖਤਰਾ ਹੈ। ਬਹੁਤ ਸਾਰੇ ਮਾਮਲਿਆਂ ਵਿੱਚ ਦੁਰਵਿਵਹਾਰ ਅਤੇ ਹੋਰ ਜੋਖ਼ਮ ਇੱਕੋ ਸਮੇਂ ਔਨਲਾਈਨ ਅਤੇ ਔਫਲਾਈਨ ਦੋਵਾਂ ਵਿੱਚ ਹੁੰਦੇ ਹਨ।

23. ਬੱਚੇ ਔਨਲਾਈਨ ਆਪਣੇ ਸਾਥੀਆਂ ਨਾਲ ਦੁਰਵਿਵਹਾਰ ਵੀ ਕਰ ਸਕਦੇ ਹਨ, ਇਹ ਅਪਮਾਨਜਨਕ, ਪਰੇਸ਼ਾਨ ਕਰਨ ਵਾਲੇ ਅਤੇ ਗਲਤ ਸੁਨੇਹੇ ਦਾ ਰੂਪ ਲੈ ਸਕਦਾ ਹੈ, ਨਗਨ ਜਾਂ ਅਰਧ-ਨਗਨ ਤਸਵੀਰਾਂ ਦੀ ਗੈਰ-ਸਹਿਮਤੀ ਸਾਂਝੇਦਾਰੀ, ਖਾਸ ਕਰਕੇ ਚੈਟ ਸਮੂਹਾਂ ਦੇ ਦੁਆਲੇ, ਅਤੇ ਅਪਮਾਨਜਨਕ ਤਸਵੀਰਾਂ ਅਤੇ ਅਸ਼ਲੀਲਤਾ ਦੀ ਸਾਂਝ ਉਨ੍ਹਾਂ ਲੋਕਾਂ ਨੂੰ, ਜੋ ਨਹੀਂ ਕਰਦੇ ਅਜਿਹੀ ਸਮਗਰੀ ਪ੍ਰਾਪਤ ਕਰਨਾ ਚਾਹੁੰਦੇ ਹੋ।

24. **ਸਾਰੇ ਮਾਮਲਿਆਂ ਵਿੱਚ, ਜੇ ਸਟਾਫ ਨੂੰ ਪੱਕਾ ਪਤਾ ਨਹੀਂ ਹੈ, ਤਾਂ ਉਨ੍ਹਾਂ ਨੂੰ ਹਮੇਸ਼ਾ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ।**

## ਦੁਰਵਿਹਾਰ ਅਤੇ ਅਣਗਹਿਲੀ ਦੇ ਸੂਚਕ

25. **ਦੁਰਵਿਹਾਰ**: ਇੱਕ ਬੱਚੇ ਨਾਲ ਦੁਰਾਚਾਰ ਕਰਨ ਦਾ ਇੱਕ ਰੂਪ। ਕਿਸੇ ਦੁਆਰਾ ਬੱਚੇ ਨੂੰ ਨੁਕਸਾਨ ਪਹੁੰਚਾਉਣਾ ਜਾਂ ਨੁਕਸਾਨ ਨੂੰ ਰੋਕਣ ਲਈ ਕੰਮ ਨਹੀਂ ਕਰ ਸਕਣਾ ਕਿਸੇ ਬੱਚੇ ਨਾਲ ਮਾੜੇ ਵਤੀਰੇ ਜਾਂ ਅਣਗਹਿਲੀ ਹੋ ਸਕਦੀ ਹੈ। ਨੁਕਸਾਨ ਵਿੱਚ ਖ਼ਰਾਬ ਇਲਾਜ ਸ਼ਾਮਲ ਹੋ ਸਕਦਾ ਹੈ ਜੋ ਸਰੀਰਕ ਨਹੀਂ ਹੈ ਅਤੇ ਨਾਲ ਹੀ ਦੂਜਿਆਂ ਦੇ ਮਾੜੇ ਸਲੂਕ ਨੂੰ ਦੇਖਣ ਦਾ ਪ੍ਰਭਾਵ ਵੀ ਸ਼ਾਮਲ ਹੋ ਸਕਦਾ ਹੈ। ਇਹ ਖਾਸ ਤੌਰ 'ਤੇ ਸਬੰਧਿਤ ਹੋ ਸਕਦਾ ਹੈ, ਉਦਾਹਰਨ ਲਈ, ਘਰੇਲੂ ਦੁਰਵਿਵਹਾਰ ਦੇ ਸਾਰੇ ਰੂਪਾਂ ਦਾ ਬੱਚਿਆਂ 'ਤੇ ਪ੍ਰਭਾਵ ਦੇ ਸਬੰਧ ਵਿੱਚ, ਇਸ ਸਮੇਤ ਕਿ ਜਿੱਥੇ ਉਹ ਦੇਖਦੇ ਹਨ, ਸੁਣਦੇ ਹਨ ਜਾਂ ਇਸ ਦੇ ਪ੍ਰਭਾਵਾਂ ਨੂੰ ਮਹਿਸੂਸ ਕਰਦੇ ਹਨ। ਪਰਿਵਾਰ ਵਿੱਚ ਜਾਂ ਕਿਸੇ ਸੰਸਥਾਗਤ ਜਾਂ ਕਮਿਊਨਿਟੀ ਸੈਟਿੰਗ ਵਿੱਚ ਉਨ੍ਹਾਂ ਦੇ ਜਾਣਕਾਰ ਦੁਆਰਾ ਜਾਂ, ਬਹੁਤ ਘੱਟ ਮਾਮਲਿਆਂ ਵਿੱਚ, ਹੋਰ ਲੋਕਾਂ ਦੁਆਰਾ ਮਾੜਾ ਵਤੀਰਾ ਕੀਤਾ ਜਾ ਸਕਦਾ ਹੈ। ਮਾੜਾ ਵਤੀਰਾ ਪੂਰੀ ਤਰ੍ਹਾਂ ਨਾਲ ਆਨਲਾਈਨ ਹੋ ਸਕਦਾ ਹੈ, ਜਾਂ ਆਫਲਾਈਨ ਮਾੜੇ ਵਤੀਰੇ ਵਿੱਚ ਮਦਦ ਕਰਨ ਲਈ ਤਕਨੀਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੱਚਿਆਂ ਨਾਲ ਮਾੜਾ ਵਤੀਰਾ ਕਿਸੇ ਬਾਲਗ, ਬਾਲਗਾਂ ਜਾਂ ਕਿਸੇ ਹੋਰ ਬੱਚੇ ਜਾਂ ਬੱਚਿਆਂ ਦੁਆਰਾ ਕੀਤਾ ਜਾ ਸਕਦਾ ਹੈ। ਬੱਚੇ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਵੀ ਨੁਕਸਾਨ ਪਹੁੰਚਾ ਸਕਦੇ ਹਨ, ਜਿਸਨੂੰ ਅਕਸਰ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਨਾਲ ਬੱਚਿਆਂ ਵੱਲੋਂ ਦੁਰਵਿਵਹਾਰ ਕਿਹਾ ਜਾਂਦਾ ਹੈ।

26. **ਸਰੀਰਕ ਦੁਰਵਿਹਾਰ**: ਦੁਰਵਿਹਾਰ ਦਾ ਇੱਕ ਰੂਪ ਜਿਸ ਵਿੱਚ ਮਾਰਨਾ, ਧੱਕੇ ਮਾਰਨਾ, ਸੁੱਟਣਾ, ਜ਼ਹਿਰ ਦੇਣਾ, ਉਤੇਜਨਾ ਜਾਂ ਜਲਾਉਣਾ, ਡੁਬਾਉਣਾ, ਦਮ ਘੋਟਣਾ ਜਾਂ ਬੱਚੇ ਨੂੰ ਕਿਸੇ ਹੋਰ ਢੰਗ ਨਾਲ ਸਰੀਰਕ ਨੁਕਸਾਨ ਪਹੁੰਚਾਣਾ ਸ਼ਾਮਲ ਹੈ। ਸਰੀਰਕ ਨੁਕਸਾਨ ਇਸ ਕਾਰਨ ਵੀ ਹੋ ਸਕਦੇ ਹਨ ਜਦੋਂ ਕੋਈ ਮਾਪੇ ਜਾਂ ਸੰਭਾਲਕਰਤਾ ਲੱਛਣਾਂ ਨੂੰ ਬਣਾਉਂਦੇ ਹਨ, ਜਾਂ ਜਾਣਬੁੱਝ ਕੇ ਕਿਸੇ ਬੱਚੇ ਵਿੱਚ ਬਿਮਾਰੀ ਉਭਾਰਦੇ ਹਨ।

27. **ਭਾਵਾਤਮਕ ਮਾੜਾ ਵਤੀਰਾ**: ਕਿਸੇ ਬੱਚੇ ਨਾਲ ਸਥਾਈ ਭਾਵਾਤਮਕ ਦੁਰਾਚਾਰ ਜਿਵੇਂ ਕਿ ਕਿਸੇ ਬੱਚੇ ਦੇ ਭਾਵਨਾਤਮਕ ਵਿਕਾਸ ਤੇ ਗੰਭੀਰ ਅਤੇ ਪ੍ਰਤਿਕੂਲ ਪ੍ਰਭਾਵ ਦਾ ਕਾਰਨ। ਇਸ ਵਿੱਚ ਕਿਸੇ ਬੱਚੇ ਨੂੰ ਇਹ ਸੂਚਿਤ ਕਰਨਾ ਸ਼ਾਮਲ

ਹੋ ਸਕਦਾ ਹੈ ਕਿ ਉਹ ਬੇਕਾਰ ਹਨ ਜਾਂ ਉਨ੍ਹਾਂ ਨੂੰ ਪਿਆਰ ਨਹੀਂ ਕੀਤਾ ਜਾਂਦਾ ਹੈ, ਅਧੂਰੇ ਹਨ, ਜਾਂ ਉਦੋਂ ਤੱਕ ਕਦਰ ਹੈ ਜਦੋਂ ਤਕ ਉਹ ਕਿਸੇ ਦੂਜੇ ਵਿਅਕਤੀ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਇਸ ਵਿੱਚ ਸ਼ਾਮਲ ਹੋ ਸਕਦੇ ਹਨ, ਜ਼ੁਬਾਨੀ ਦੁਰਵਿਵਹਾਰ, ਜਿਵੇਂ ਕਿ ਲਗਾਤਾਰ ਆਲੋਚਨਾ, ਨੀਵਾਂ ਦਿਖਾਉਣਾ, ਜਾਂ ਗਲਤ ਨਾਮ ਨਾਲ ਬੁਲਾਉਣਾ, ਅਤੇ ਨਾਲ ਹੀ ਬੱਚਿਆਂ ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟ ਨਾ ਕਰਨ ਦੇਣਾ, ਜਾਣ-ਬੁੱਝ ਕੇ ਉਨ੍ਹਾਂ ਨੂੰ ਚੁੱਪ ਕਰਾਉਣਾ ਜਾਂ ਉਨ੍ਹਾਂ ਦਾ 'ਮਜ਼ਾਕ' ਕਰਨਾ ਕਿ ਉਹ ਕੀ ਕਹਿੰਦੇ ਹਨ ਜਾਂ ਉਹ ਕਿਵੇਂ ਬੋਲਦੇ ਹਨ। ਇਸ ਵਿੱਚ ਬੱਚੇ ਦੀ ਉਮਰ ਜਾਂ ਵਿਕਾਸ ਦੀਆਂ ਅਣਉਚਿਤ ਉਮੀਦਾਂ ਲਗਾਈਆਂ ਜਾ ਸਕਦੀਆਂ ਹਨ। ਇਨ੍ਹਾਂ ਵਿੱਚ ਉਹ ਪਰਸਪਰ ਸੰਪਰਕ ਸ਼ਾਮਲ ਹੋ ਸਕਦੇ ਹਨ ਜੋ ਬੱਚੇ ਦੀ ਵਿਕਾਸਾਤਮਕ ਸਮਰੱਥਾ ਤੋਂ ਪਰ੍ਹੇ ਹੁੰਦੇ ਹਨ ਅਤੇ ਨਾਲ ਹੀ ਵਾਧੂ ਸੁਰੱਖਿਆ ਅਤੇ ਖੋਜ ਅਤੇ ਸਿਖਲਾਈ ਦੀ ਸੀਮਾ, ਜਾਂ ਬੱਚੇ ਨੂੰ ਆਮ ਸਮਾਜਕ ਸੰਪਰਕ ਵਿੱਚ ਹਿੱਸਾ ਲੈਣ ਤੋਂ ਰੋਕਣਾ। ਇਸ ਵਿੱਚ ਕਿਸੇ ਹੋਰ ਦੇ ਨਾਲ ਬੁਰਾ ਸਲੂਕ ਹੁੰਦੇ ਦੇਖਣਾ ਜਾਂ ਸੁਣਨਾ ਸ਼ਾਮਲ ਹੋ ਸਕਦਾ ਹੈ। ਇਸ ਵਿੱਚ ਗੰਭੀਰ ਧੱਕੇਸ਼ਾਹੀ (ਸਾਈਬਰ ਧਮਕੀ ਸਮੇਤ) ਸ਼ਾਮਲ ਹੋ ਸਕਦੀ ਹੈ, ਜਿਸ ਨਾਲ ਬੱਚੇ ਅਕਸਰ ਡਰੇ ਹੋਏ ਜਾਂ ਖ਼ਤਰੇ ਵਿੱਚ ਪੈ ਜਾਂਦੇ ਹਨ, ਜਾਂ ਬੱਚਿਆਂ ਨਾਲ ਸ਼ੋਸ਼ਣ ਜਾਂ ਭ੍ਰਿਸ਼ਟਾਚਾਰ ਹੁੰਦਾ ਹੈ। ਭਾਵਨਾਤਮਕ ਮਾੜੇ ਵਤੀਰੇ ਦੇ ਕੁਝ ਪੱਧਰ ਵਿੱਚ ਬੱਚੇ ਨਾਲ ਸਾਰੀਆਂ ਕਿਸਮਾਂ ਦੀ ਬਦਸਲੂਕੀ ਸ਼ਾਮਲ ਹੁੰਦੀ ਹੈ, ਹਾਲਾਂਕਿ ਇਹ ਇਕੱਲੀ ਹੋ ਸਕਦੀ ਹੈ।

28. **ਜਿਨਸੀ ਸ਼ੋਸ਼ਣ:** ਇਸ ਵਿੱਚ ਬੱਚੇ ਨੂੰ ਜਿਨਸੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਮਜਬੂਰ ਕਰਨਾ, ਉਕਸਾਉਣਾ ਜਾਂ ਉਕਸਾਉਣਾ ਸ਼ਾਮਲ ਹੈ, ਜ਼ਰੂਰੀ ਨਹੀਂ ਕਿ ਹਿੰਸਾ ਸ਼ਾਮਲ ਹੋਵੇ, ਭਾਵੇਂ ਬੱਚਾ ਇਸ ਗੱਲ ਤੋਂ ਜਾਣੂ ਹੋਵੇ ਜਾਂ ਨਾ ਹੋਵੇ ਕਿ ਕੀ ਹੋ ਰਿਹਾ ਹੈ। ਗਤੀਵਿਧੀਆਂ ਵਿੱਚ ਸਰੀਰਕ ਸੰਪਰਕ ਸ਼ਾਮਲ ਹੋ ਸਕਦਾ ਹੈ, ਜਿਵੇਂ ਕਿ ਜਬਰਦਸਤੀ ਦਾਖ਼ਲੇ ਦੀਆਂ ਕਾਰਵਾਈਆਂ, ਭਾਵੇਂ ਉਹ ਕਿਸੇ ਵਿਅਕਤੀ ਦੇ ਸਰੀਰ ਦੇ ਹਿੱਸੇ ਨਾਲ ਹੋਵੇ ਜਾਂ ਕਿਸੇ ਵਸਤੂ ਨਾਲ (ਜਿਵੇਂ ਕਿ ਬਲਾਤਕਾਰ ਜਾਂ ਜਬਰਦਸਤੀ ਦਾਖ਼ਲੇ ਦੁਆਰਾ ਹਮਲਾ), ਅਤੇ ਜਬਰਦਸਤੀ ਗੈਰ ਦਾਖ਼ਲੇ ਵਾਲੀਆਂ ਕਾਰਵਾਈਆਂ ਜਿਵੇਂ ਕਿ ਹੱਥਰਸੀ, ਚੁੰਮਣਾ, ਰਗੜਨਾ, ਅਤੇ ਕੱਪੜਿਆਂ ਨੂੰ ਛੂਹਣਾ। ਜਿਨਸੀ ਸ਼ੋਸ਼ਣ ਵਿੱਚ ਸੰਪਰਕ ਤੋਂ ਬਾਹਰ ਦੀਆਂ ਗਤੀਵਿਧੀਆਂ ਵੀ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਬੱਚਿਆਂ ਨੂੰ ਜਿਨਸੀ ਤਸਵੀਰਾਂ ਦੇਖਣ ਜਾਂ ਬਣਾਉਣ ਵਿੱਚ ਸ਼ਾਮਲ ਕਰਨਾ, ਜਿਨਸੀ ਗਤੀਵਿਧੀਆਂ ਦੇਖਣਾ, ਬੱਚਿਆਂ ਨੂੰ ਜਿਨਸੀ ਤੌਰ 'ਤੇ ਅਣਉਚਿਤ ਤਰੀਕਿਆਂ ਨਾਲ ਵਿਵਹਾਰ ਕਰਨ ਲਈ ਉਤਸ਼ਾਹਿਤ ਕਰਨਾ, ਜਾਂ ਦੁਰਵਿਵਹਾਰ ਦੀ ਤਿਆਰੀ ਵਿੱਚ ਬੱਚੇ ਨੂੰ ਤਿਆਰ ਕਰਨਾ। ਜਿਨਸੀ ਸ਼ੋਸ਼ਣ ਔਨਲਾਈਨ ਦੇ ਨਾਲ-ਨਾਲ ਔਫਲਾਈਨ ਵੀ ਹੋ ਸਕਦਾ ਹੈ, ਅਤੇ ਤਕਨਾਲੋਜੀ ਦੀ ਵਰਤੋਂ ਔਫਲਾਈਨ ਦੁਰਵਿਵਹਾਰ ਨੂੰ ਸੁਵਿਧਾਜਨਕ ਬਣਾਉਣ ਲਈ ਕੀਤੀ ਜਾ ਸਕਦੀ ਹੈ। ਜਿਨਸੀ ਸ਼ੋਸ਼ਣ ਸਿਰਫ਼ ਬਾਲਗ ਮਰਦਾਂ ਦੁਆਰਾ ਹੀ ਨਹੀਂ ਕੀਤਾ ਜਾਂਦਾ। ਔਰਤਾਂ ਵੀ ਜਿਨਸੀ ਸ਼ੋਸ਼ਣ ਦੀਆਂ ਕਾਰਵਾਈਆਂ ਕਰ ਸਕਦੀਆਂ ਹਨ, ਜਿਵੇਂ ਕਿ ਹੋਰ ਬੱਚੇ ਕਰ ਸਕਦੇ ਹਨ। ਬੱਚਿਆਂ ਦਾ ਪਰਿਵਾਰ, ਸੰਸਥਾ ਜਾਂ ਭਾਈਚਾਰਕ ਸੈਟਿੰਗ ਦੇ ਅੰਦਰ ਜਿਨਸੀ ਸ਼ੋਸ਼ਣ ਕੀਤਾ ਜਾ ਸਕਦਾ ਹੈ, ਅਤੇ ਉਹਨਾਂ ਦੇ ਦੁਰਵਿਵਹਾਰ ਕਰਨ ਵਾਲੇ ਨੂੰ ਜਾਣਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਦੂਜੇ ਬੱਚਿਆਂ ਦੁਆਰਾ ਬੱਚਿਆਂ ਦਾ ਜਿਨਸੀ ਸ਼ੋਸ਼ਣ ਸਿੱਖਿਆ ਵਿੱਚ ਇੱਕ ਖਾਸ ਸੁਰੱਖਿਆ ਮੁੱਦਾ ਹੈ ਅਤੇ ਸਾਰੇ ਸਟਾਫ ਨੂੰ ਇਸ ਬਾਰੇ ਅਤੇ ਇਸ ਨਾਲ ਨਜਿੱਠਣ ਲਈ ਆਪਣੇ ਸਕੂਲ ਜਾਂ ਕਾਲਜ ਦੀ ਨੀਤੀ ਅਤੇ ਪ੍ਰਕਿਰਿਆਵਾਂ ਤੋਂ ਜਾਣੂ ਹੋਣਾ ਚਾਹੀਦਾ ਹੈ। 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਖਾਸ ਅਪਰਾਧ ਹਨ, ਜੋ ਕਦੇ ਵੀ ਜਿਨਸੀ ਗਤੀਵਿਧੀ ਲਈ ਵੈਧ ਸਹਿਮਤੀ ਨਹੀਂ ਦੇ ਸਕਦੇ ਅਤੇ ਕੁਝ ਖਾਸ ਅਪਰਾਧ ਹਨ ਜੋ ਸਪੱਸ਼ਟ ਕਰਦੇ ਹਨ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਜਿਨਸੀ ਗਤੀਵਿਧੀ ਇੱਕ ਅਪਰਾਧ ਹੈ, ਭਾਵੇਂ ਉਹ ਉਸ ਗਤੀਵਿਧੀ ਲਈ ਸਹਿਮਤ ਹੋਏ ਹੋਣ ਜਾਂ ਨਾ।

29. **ਅਣਗਹਿਲੀ**: ਕਿਸੇ ਬੱਚੇ ਦੀਆਂ ਮੁੱਢਲੀਆਂ ਸਰੀਰਕ ਅਤੇ/ਜਾਂ ਮਨੋਵਿਗਿਆਨਿਕ ਲੋੜਾਂ ਨੂੰ ਪੂਰਾ ਕਰਨ ਵਿੱਚ ਲਗਾਤਾਰ ਅਸਫਲ ਰਹਿਣ ਦੇ ਨਤੀਜੇ ਵਜੋਂ ਬੱਚੇ ਦੀ ਸਿਹਤ ਜਾਂ ਵਾਧੇ ਵਿੱਚ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੁੰਦੀ ਹੈ। ਅਣਗਹਿਲੀ ਗਰਭਅਵਸਥਾ ਦੌਰਾਨ ਹੋ ਸਕਦੀ ਹੈ, ਉਦਾਹਰਨ ਲਈ, ਮਾਂ ਦੁਆਰਾ ਨਸ਼ਿਆਂ ਦੀ ਦੁਰਵਰਤੋਂ ਦੇ ਨਤੀਜੇ ਵਜੋਂ। ਇੱਕ ਵਾਰ ਜਦੋਂ ਬੱਚਾ ਪੈਦਾ ਹੋ ਜਾਂਦਾ ਹੈ, ਤਾਂ ਅਣਗਹਿਲੀ ਵਿੱਚ ਮਾਪਿਆਂ ਜਾਂ ਸੰਭਾਲਕਰਤਾ ਦੁਆਰਾ ਇਨ੍ਹਾਂ ਵਿੱਚ ਅਸਫਲਤਾ ਸ਼ਾਮਲ ਹੋ ਸਕਦੀ ਹੈ: ਕਾਫ਼ੀ ਭੋਜਨ ਦੇਣਾ, ਕਪੜੇ ਅਤੇ ਆਸਰਾ (ਘਰ ਤੋਂ ਬਾਹਰ ਕੱਢਣਾ ਜਾਂ ਛੱਡ-ਛਡਾਅ ਸਮੇਤ); ਬੱਚੇ ਨੂੰ ਸਰੀਰਕ ਅਤੇ ਭਾਵਾਤਮਕ ਨੁਕਸਾਨ ਜਾਂ ਖਤਰੇ ਤੋਂ ਬਚਾਉਣ; ਉਚਿਤ ਨਿਗਰਾਨੀ ਨੂੰ ਯਕੀਨੀ ਬਣਾਉਣ

(ਅਣਉਚਿਤ ਸੰਭਾਲਕਰਤਾਵਾਂ ਨੂੰ ਵਰਤਣ ਸਮੇਤ); ਜਾਂ ਉਚਿਤ ਮੈਡੀਕਲ ਦੇਖ-ਭਾਲ ਜਾਂ ਇਲਾਜ ਤੇ ਪਹੁੰਚ ਨੂੰ ਯਕੀਨੀ ਬਣਾਉਣਾ। ਇਸ ਵਿੱਚ ਬੱਚੇ ਦੀਆਂ ਮੁੱਢਲੀਆਂ ਭਾਵਨਾਤਮਕ ਲੋੜਾਂ ਦੀ ਅਣਗਹਿਲੀ ਕਰਨਾ, ਜਾਂ ਉਦਾਸੀਨ ਹੋਣਾ ਵੀ ਸ਼ਾਮਲ ਹੋ ਸਕਦਾ ਹੈ।

## ਸੁਰੱਖਿਆ ਦੇ ਮੁੱਦੇ

30. **ਸਾਰੇ** ਸਟਾਫ਼ ਨੂੰ ਸੁਰੱਖਿਆ ਮੁੱਦਿਆਂ ਬਾਰੇ ਜਾਗਰੂਕਤਾ ਹੋਣੀ ਚਾਹੀਦੀ ਹੈ ਜੋ ਅਕਸਰ ਓਵਰਲੈਪ ਹੁੰਦੇ ਹਨ ਅਤੇ ਬੱਚਿਆਂ ਨੂੰ ਨੁਕਸਾਨ ਦੇ ਜੋਖਮ ਵਿੱਚ ਪਾ ਸਕਦੇ ਹਨ (ਹੇਠਾਂ ਸੂਚੀਬੱਧ ਕੀਤੇ ਗਏ ਸਮੇਤ ਪਰ ਇਹਨਾਂ ਤੱਕ ਸੀਮਿਤ ਨਹੀਂ)। ਹੇਠ ਲਿਖੇ ਵਿਵਹਾਰ ਅਤੇ ਸੰਕੇਤ ਇਸ ਗੱਲ ਦੇ ਸੰਕੇਤ ਹੋ ਸਕਦੇ ਹਨ ਕਿ ਬੱਚੇ ਜੋਖਮ ਵਿੱਚ ਹਨ:

- ਨਸ਼ੀਲੇ ਪਦਾਰਥਾਂ ਦਾ ਸੇਵਨ ਅਤੇ/ਜਾਂ ਸ਼ਰਾਬ ਦੀ ਦੁਰਵਰਤੋਂ
- ਸਿੱਖਿਆ ਤੋਂ ਅਣਜਾਣ ਅਤੇ/ਜਾਂ ਲਗਾਤਾਰ ਗੈਰਹਾਜ਼ਰੀ
- ਗੰਭੀਰ ਹਿੰਸਾ, ਅਪਰਾਧਿਕ ਸ਼ੋਸ਼ਣ (ਕਾਉਂਟੀ ਲਾਈਨਾਂ ਨਾਲ ਜੁੜੇ ਸਮੇਤ), ਕੱਟੜਪੰਥੀ, ਅਤੇ
- ਸਹਿਮਤੀ ਅਤੇ ਗੈਰ-ਸਹਿਮਤੀ ਨਾਲ ਨਗਨ ਜਾਂ ਅਰਧ-ਨਗਨ ਬਣਾਉਣਾ ਜਾਂ ਸਾਂਝਾ ਕਰਨਾ।

**ਇਨ੍ਹਾਂ ਸੁਰੱਖਿਆ ਮੁੱਦਿਆਂ ਬਾਰੇ ਵਾਧੂ ਜਾਣਕਾਰੀ ਅਤੇ ਹੋਰ ਸੁਰੱਖਿਆ ਮੁੱਦਿਆਂ 'ਤੇ ਜਾਣਕਾਰੀ ਅੰਤਿਕਾ A ਵਿੱਚ ਸ਼ਾਮਲ ਕੀਤੀ ਗਈ ਹੈ।**

### ਬੱਚੇ 'ਤੇ ਬੱਚੇ ਵੱਲੋਂ ਮਾੜਾ ਵਤੀਰਾ (ਉਤਪੀੜਨ ਅਤੇ ਹਿੰਸਾ ਸਮੇਤ)

31. **ਸਾਰੇ** ਸਟਾਫ ਨੂੰ ਇਸ ਗੱਲ ਤੋਂ ਸੁਚੇਤ ਹੋਣਾ ਚਾਹੀਦਾ ਹੈ ਕਿ ਬੱਚੇ ਦੂਜੇ ਬੱਚਿਆਂ ਨਾਲ ਮਾੜਾ ਵਤੀਰਾ ਕਰ ਸਕਦੇ ਹਨ (ਅਕਸਰ ਬੱਚੇ-'ਤੇ-ਬੱਚੇ ਵੱਲੋਂ ਮਾੜੇ ਵਤੀਰੇ ਵਜੋਂ ਜਾਣਿਆ ਜਾਂਦਾ ਹੈ), ਅਤੇ ਇਹ ਕਿ ਇਹ ਸਕੂਲ ਜਾਂ ਕਾਲਜ ਦੇ ਅੰਦਰ ਅਤੇ ਬਾਹਰ ਅਤੇ ਔਨਲਾਈਨ ਦੋਵੇਂ ਤਰ੍ਹਾਂ ਹੋ ਸਕਦਾ ਹੈ। **ਸਾਰੇ** ਸਟਾਫ਼ ਨੂੰ ਸਕੂਲ ਜਾਂ ਕਾਲਜ ਦੀ ਨੀਤੀ ਅਤੇ ਕਾਰਜਪ੍ਰਣਾਲੀ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਜੋ ਬੱਚੇ-'ਤੇ-ਬੱਚੇ ਵੱਲੋਂ ਦੁਰਵਿਵਹਾਰ ਦੇ ਬਾਰੇ ਵਿੱਚ ਅਤੇ ਇਸ ਨੂੰ ਰੋਕਣ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਨਿਭਾਉਣ ਅਤੇ ਉਨ੍ਹਾਂ ਦੇ ਜਵਾਬ ਵਿੱਚ ਜਿੱਥੇ ਉਨ੍ਹਾਂ ਦਾ ਮੰਨਣਾ ਹੈ ਕਿ ਬੱਚੇ ਨੂੰ ਇਸ ਤੋਂ ਖਤਰਾ ਹੋ ਸਕਦਾ ਹੈ।

32. **ਸਾਰੇ** ਸਟਾਫ਼ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨਸਲਵਾਦ, ਧਾਰਮਿਕ ਦੁਰਵਿਵਹਾਰ, ਅਤੇ ਵਿਤਕਰੇ ਵਾਲੇ ਵਿਵਹਾਰ ਦੇ ਹੋਰ ਰੂਪ ਬੱਚੇ ਦੀ ਭਲਾਈ, ਤੰਦਰੁਸਤੀ ਅਤੇ ਸੁਰੱਖਿਆ ਦੀ ਭਾਵਨਾ 'ਤੇ ਮਹੱਤਵਪੂਰਨ ਪ੍ਰਭਾਵ ਪਾ ਸਕਦੇ ਹਨ ਅਤੇ ਜਿੱਥੇ ਢੁਕਵਾਂ ਹੋਵੇ, ਸੁਰੱਖਿਆ ਅਭਿਆਸ ਦੇ ਅੰਦਰ ਇਹਨਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

33. **ਸਾਰੇ** ਸਟਾਫ਼ ਨੂੰ ਇਹ ਸਮਝ ਲੈਣਾ ਚਾਹੀਦਾ ਹੈ, ਕਿ ਭਾਵੇਂ ਉਨ੍ਹਾਂ ਦੇ ਸਕੂਲਾਂ ਜਾਂ ਕਾਲਜਾਂ ਵਿੱਚ ਕੋਈ ਰਿਪੋਰਟ ਨਹੀਂ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਇੰਝ ਨਹੀਂ ਹੋ ਰਿਹਾ ਹੈ। ਇਹ ਸਥਿਤੀ ਹੋ ਸਕਦੀ ਹੈ, ਕਿ ਦੁਰਵਿਹਾਰ ਦੀ ਰਿਪੋਰਟ ਨਹੀਂ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਇਹ ਮਹੱਤਵਪੂਰਨ ਹੈ ਕਿ ਜੇ ਸਟਾਫ਼ ਨੂੰ ਬੱਚੇ-'ਤੇ-ਬੱਚੇ ਵੱਲੋਂ ਦੁਰਵਿਵਹਾਰ ਬਾਰੇ **ਕੋਈ** ਚਿੰਤਾ ਹੈ, (ਭਾਵੇਂ ਇਹ ਚਿੰਤਾਵਾਂ ਸਾਈਟ 'ਤੇ ਹੋਈਆਂ ਹੋਣ ਜਾਂ ਬਾਹਰ) ਉਹਨਾਂ ਨੂੰ ਆਪਣੇ ਮਨੋਨੀਤ ਸੁਰੱਖਿਆ ਮੁਖੀ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ। ਇਸਦੇ ਹਿੱਸੇ ਵਜੋਂ, ਸਕੂਲਾਂ ਨੂੰ ਇਹ ਵੀ ਸੁਚੇਤ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਕੂਲ ਦੇ ਦਿਨ ਦੇ ਆਲੇ-ਦੁਆਲੇ ਬੱਚੇ ਕਦੋਂ ਸਭ ਤੋਂ ਵੱਧ ਜੋਖਮ ਵਿੱਚ ਹੋ ਸਕਦੇ ਹਨ (ਉਦਾਹਰਣ ਵਜੋਂ ਸਕੂਲ ਤੋਂ ਤੁਰੰਤ ਬਾਅਦ)।

34. ਇਹ ਲਾਜ਼ਮੀ ਹੈ ਕਿ **ਸਾਰਾ** ਸਟਾਫ਼ ਬੱਚਿਆਂ ਦੇ ਵਿਚਕਾਰ ਅਣਉਚਿਤ ਵਿਵਹਾਰਾਂ ਨੂੰ ਚੁਣੌਤੀ ਦੇਣ ਦੀ ਮਹੱਤਤਾ ਨੂੰ ਸਮਝਣ, ਜੋ ਅਸਲ ਵਿੱਚ ਬਦਸਲੂਕੀ ਕਰਨ ਵਾਲੇ ਹਨ। ਜਿਨ੍ਹਾਂ ਦੀਆਂ ਉਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ। ਕੁਝ ਵਤੀਰਿਆਂ ਨੂੰ ਨਕਾਰਨਾ, ਉਦਾਹਰਣ ਵਜੋਂ ਜਿਨਸੀ ਪਰੇਸ਼ਾਨੀ ਨੂੰ "ਸਿਰਫ ਮਜ਼ਾਕ", "ਸਿਰਫ ਹੱਸਣਾ", "ਵੱਡੇ ਹੋਣ ਦਾ ਹਿੱਸਾ" ਜਾਂ "ਮੁੰਡੇ ਮੁੰਡੇ ਹੋਣ" ਨੂੰ ਖਾਰਜ ਕਰਨਾ ਅਸਵੀਕਾਰਨਯੋਗ ਵਿਵਹਾਰ, ਔਰਤਾਂ ਪ੍ਰਤੀ ਨਫ਼ਰਤ. ਬੱਚਿਆਂ ਲਈ ਇੱਕ ਅਸੁਰੱਖਿਅਤ ਵਾਤਾਵਰਣ ਅਤੇ ਵਿੱਚ ਸੱਭਿਆਚਾਰ ਦਾ ਕਾਰਨ ਬਣ ਸਕਦਾ ਹੈ। ਸਭ ਤੋਂ ਮਾੜੇ ਹਾਲਾਤ ਇੱਕ ਅਜਿਹੀ ਸੰਸਕ੍ਰਿਤੀ ਹੈ ਜੋ ਮਾੜੇ ਵਤੀਰੇ ਨੂੰ ਸਧਾਰਨ ਬਣਾਉਂਦੀ ਹੈ ਜਿਸਦੇ ਕਾਰਨ ਬੱਚੇ ਇਸਨੂੰ ਆਮ ਮੰਨਦੇ ਹਨ ਅਤੇ ਇਸਨੂੰ ਦੱਸਣ ਲਈ ਅੱਗੇ ਨਹੀਂ ਆਉਂਦੇ।

35. **ਸਾਰੇ** ਸਟਾਫ਼ ਨੂੰ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਬੱਚਿਆਂ ਨਾਲ ਹੋਣ ਵਾਲਾ ਦੁਰਵਿਵਹਾਰ ਪੀੜਤ ਅਤੇ ਕਥਿਤ ਦੋਸ਼ੀ ਦੋਵਾਂ ਲਈ ਇੱਕ ਸੁਰੱਖਿਆ ਮੁੱਦਾ ਹੈ।

36. ਚਿੰਤਾਵਾਂ ਦਾ ਜਵਾਬ ਕਿਵੇਂ ਦੇਣਾ ਹੈ, ਇਸ ਬਾਰੇ ਜਾਣਨ ਦੇ ਨਾਲ-ਨਾਲ, **ਸਾਰੇ** ਸਟਾਫ਼ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਬੱਚਿਆਂ ਨਾਲ ਹੋਣ ਵਾਲਾ ਦੁਰਵਿਵਹਾਰ ਰੋਕਿਆ ਜਾ ਸਕਦਾ ਹੈ। ਵਿਵਹਾਰਾਂ ਅਤੇ ਜੋਖਮ ਦੇ ਸੂਚਕਾਂ ਨੂੰ ਜਲਦੀ ਪਛਾਣਨ ਦੇ ਨਾਲ-ਨਾਲ, ਸਟਾਫ਼ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਮੇਂ ਸਿਰ, ਸਬੂਤ-ਅਧਾਰਤ ਸਹਾਇਤਾ ਬੱਚਿਆਂ ਨੂੰ ਦੁਰਵਿਵਹਾਰ ਜਾਂ ਹਿੰਸਾ ਕਰਨ ਤੋਂ ਰੋਕਣ ਲਈ ਮਹੱਤਵਪੂਰਨ ਹੋ ਸਕਦੀ ਹੈ।

37. ਬੱਚੇ-'ਤੇ-ਬੱਚੇ ਵੱਲੋਂ ਦੁਰਵਿਵਹਾਰ ਵਿੱਚ ਇਹ ਕੁਝ ਸ਼ਾਮਲ ਕਰਨ ਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੋ ਸਕਦੀ ਹੈ, ਪਰ ਇਹ ਇਨ੍ਹਾਂ ਤੱਕ ਸੀਮਤ ਨਹੀਂ ਵੀ ਹੋ ਸਕਦੇ ਹਨ:

- ਧੱਕੇਸ਼ਾਹੀ (ਸਾਈਬਰ ਧੱਕੇਸ਼ਾਹੀ, ਪੱਖਪਾਤ ਅਧਾਰਤ ਅਤੇ ਪੱਖਪਾਤੀ ਧੱਕੇਸ਼ਾਹੀ ਸਮੇਤ)
- ਵਿਤਕਰਾਪੂਰਨ ਵਿਵਹਾਰ, ਜਿਸ ਵਿੱਚ ਨਸਲਵਾਦ, ਵਿਸ਼ਵਾਸ-ਨਿਦੇਸ਼ਿਤ ਦੁਰਵਿਵਹਾਰ, ਅਤੇ ਹੋਰ ਪੱਖਪਾਤ-ਅਧਾਰਤ ਘਟਨਾਵਾਂ ਸ਼ਾਮਲ ਹਨ,
- ਬੱਚਿਆਂ ਵਿਚਕਾਰ ਗੂੜ੍ਹੇ ਨਿੱਜੀ ਸਬੰਧਾਂ ਵਿੱਚ ਦੁਰਵਿਵਹਾਰ (ਕਈ ਵਾਰ 'ਕਿਸ਼ੋਰ ਸਬੰਧਾਂ ਵਿੱਚ ਮਾੜੇ ਵਤੀਰੇ' ਵਜੋਂ ਜਾਣਿਆ ਜਾਂਦਾ ਹੈ)
- ਸਰੀਰਕ ਸ਼ੋਸ਼ਣ ਜਿਵੇਂ ਕਿ ਮਾਰਨਾ, ਲੱਤ ਮਾਰਨਾ, ਹਿੱਲਣਾ, ਕੱਟਣਾ, ਵਾਲਾਂ ਨੂੰ ਖਿੱਚਣਾ, ਜਾਂ ਹੋਰ ਸਰੀਰਕ ਨੁਕਸਾਨ ਪਹੁੰਚਾਉਣਾ (ਇਸ ਵਿੱਚ ਇੱਕ ਔਨਲਾਈਨ ਤੱਤ ਸ਼ਾਮਲ ਹੋ ਸਕਦਾ ਹੈ ਜੋ ਸਰੀਰਕ ਸ਼ੋਸ਼ਣ ਦੀ ਸਹੂਲਤ, ਧਮਕੀ ਅਤੇ/ਜਾਂ ਉਤਸ਼ਾਹਤ ਕਰਦਾ ਹੈ)
- ਗੰਭੀਰ ਸਰੀਰਕ ਹਮਲਾ ਅਤੇ ਨੁਕਸਾਨ, ਜਾਂ ਹਥਿਆਰ ਨਾਲ ਨੁਕਸਾਨ ਪਹੁੰਚਾਉਣ ਦੀ ਧਮਕੀ,
- ਜਿਨਸੀ ਹਿੰਸਾ[7] ਜਿਵੇਂ ਕਿ ਬਲਾਤਕਾਰ, ਘੁਸਪੈਠ ਰਾਹੀਂ ਹਮਲਾ ਅਤੇ ਜਿਨਸੀ ਹਮਲਾ; (ਇਸ ਵਿੱਚ ਇੱਕ ਔਨਲਾਈਨ ਤੱਤ ਸ਼ਾਮਲ ਹੋ ਸਕਦਾ ਹੈ ਜੋ ਜਿਨਸੀ ਹਿੰਸਾ ਦੀ ਸਹੂਲਤ, ਧਮਕੀ ਦਿੰਦਾ ਹੈ ਅਤੇ/ਜਾਂ ਉਤਸ਼ਾਹਤ ਕਰਦਾ ਹੈ)
- ਜਿਨਸੀ ਛੇੜਛਾੜ[8] ਜਿਵੇਂ ਕਿ ਜਿਨਸੀ ਵਿਅੰਗ, ਟਿੱਪਣੀਆਂ, ਮਜਾਕ ਅਤੇ ਔਨਲਾਈਨ ਜਿਨਸੀ ਛੇੜਛਾੜ, ਜੋ ਇਕੱਲੇ ਕੀਤੀ ਜਾ ਸਕਣ ਵਾਲੀ ਜਾਂ ਇੱਕ ਦੁਰਵਿਵਹਾਰ ਦੀ ਇੱਕ ਵਿਆਪਕ ਸ਼ੈਲੀ ਦਾ ਹਿੱਸਾ ਹੋ ਸਕਦੀ ਹੈ
- ਕਿਸੇ ਨੂੰ ਬਿਨਾਂ ਸਹਿਮਤੀ ਦੇ ਜਿਨਸੀ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਦਾ ਕਾਰਨ ਬਣਾਉਣਾ, ਜਿਵੇਂ ਕਿ ਕਿਸੇ ਨੂੰ ਉਤਾਰਨ ਲਈ ਮਜਬੂਰ ਕਰਨਾ, ਆਪਣੇ ਆਪ ਨੂੰ ਜਿਨਸੀ ਤੌਰ 'ਤੇ ਛੂਹਣਾ, ਜਾਂ ਕਿਸੇ ਤੀਜੀ

[7] ਜਿਨਸੀ ਹਿੰਸਾ ਬਾਰੇ ਹੋਰ ਜਾਣਕਾਰੀ ਲਈ ਪੂਰੇ ਦਸਤਾਵੇਜ਼ ਦਾ KCSIE ਦੇ ਭਾਗ 5 ਅਤੇ ਅੰਤਿਕਾ ਨੂੰ ਦੇਖੋ।
[8] ਜਿਨਸੀ ਛੇੜਛਾੜ ਬਾਰੇ ਹੋਰ ਜਾਣਕਾਰੀ ਲਈ ਪੂਰੇ ਦਸਤਾਵੇਜ਼ ਦਾ KCSIE ਦੇ ਭਾਗ 5 ਅਤੇ ਅੰਤਿਕਾ ਨੂੰ ਦੇਖੋ।

ਧਿਰ ਨਾਲ ਜਿਨਸੀ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ

- ਸਹਿਮਤੀ ਅਤੇ ਗੈਰ-ਸਹਿਮਤੀ ਨਾਲ ਨਗਨ ਅਤੇ ਅਰਧ-ਨਗਨ ਬਣਾਉਣਾ ਜਾਂ ਸਾਂਝਾ ਕਰਨਾ[9]
- ਅਪਸਕ੍ਰਟਿੰਗ[10] ਜਿਸ ਵਿੱਚ ਆਮ ਤੌਰ 'ਤੇ ਜਿਨਸੀ ਸੰਤੁਸ਼ਟੀ ਪ੍ਰਾਪਤ ਕਰਨ ਲਈ, ਜਾਂ ਪੀੜਤ ਦੀ ਬੇਇੱਜ਼ਤੀ, ਉਸ ਨੂੰ ਪ੍ਰੇਸ਼ਾਨ ਕਰਨ, ਜਾਂ ਭੜਕਾਉਣ ਦਾ ਕਾਰਨ ਬਣਨ ਦੇ ਇਰਾਦੇ ਨਾਲ, ਕਿਸੇ ਵਿਅਕਤੀ ਦੀ ਇਜਾਜ਼ਤ ਤੋਂ ਬਿਨਾਂ ਉਸ ਦੇ ਕੱਪੜਿਆਂ ਦੇ ਹੇਠਾਂ ਦੀ ਇੱਕ ਤਸਵੀਰ ਖਿੱਚਣਾ ਸ਼ਾਮਲ ਹੁੰਦਾ ਹੈ ਅਤੇ
- ਸ਼ੁਰੂਆਤ/ਹੇਜ਼ਿੰਗ ਕਿਸਮ ਦੀ ਹਿੰਸਾ ਅਤੇ ਰਸਮਾਂ (ਇਸ ਵਿੱਚ ਕਿਸੇ ਵਿਅਕਤੀ ਨੂੰ ਕਿਸੇ ਸਮੂਹ ਵਿੱਚ ਸ਼ਾਮਲ ਕਰਨ ਦੇ ਤਰੀਕੇ ਵਜੋਂ ਪ੍ਰੇਸ਼ਾਨ ਕਰਨ, ਮਾੜੇ ਵਤੀਰੇ ਜਾਂ ਅਪਮਾਨ ਸ਼ਾਮਲ ਕਰਨ ਵਾਲੀਆਂ ਗਤੀਵਿਧੀਆਂ ਸ਼ਾਮਲ ਹੋ ਸਕਦੀਆਂ ਹਨ ਅਤੇ ਇੱਕ ਆਨਲਾਈਨ ਤੱਤ ਵੀ ਸ਼ਾਮਲ ਹੋ ਸਕਦਾ ਹੈ)।

## ਬਾਲ ਅਪਰਾਧਿਕ ਸ਼ੋਸ਼ਣ (CCE) ਅਤੇ ਬਾਲ ਜਿਨਸੀ ਸ਼ੋਸ਼ਣ (CSE)

38. CCE ਅਤੇ CSE ਦੋਵੇਂ ਦੁਰਵਿਵਹਾਰ ਦੇ ਰੂਪ ਹਨ ਅਤੇ ਇਹ ਦੋਵੇਂ ਉੱਥੇ ਵਾਪਰਦੇ ਹਨ ਜਿੱਥੇ ਇੱਕ ਵਿਅਕਤੀ ਜਾਂ ਸਮੂਹ ਕਿਸੇ ਬੱਚੇ ਨੂੰ ਜਿਨਸੀ ਜਾਂ ਅਪਰਾਧਿਕ ਗਤੀਵਿਧੀਆਂ ਵਿੱਚ ਮਜਬੂਰ ਕਰਨ, ਹੇਰਾਫੇਰੀ ਕਰਨ ਜਾਂ ਧੋਖਾ ਦੇਣ ਦੀ ਸ਼ਕਤੀ ਵਿੱਚ ਅਸੰਤੁਲਨ ਦਾ ਲਾਭ ਲੈਂਦਾ ਹੈ। ਇਸ ਵਿੱਚ ਕਿਸੇ ਚੀਜ਼ ਦਾ ਪੀੜਤ ਦੀਆਂ ਲੋੜਾਂ ਜਾਂ ਇਛਾਵਾਂ ਅਤੇ/ਜਾਂ ਵਿੱਤੀ ਲਾਭ ਲਈ ਜਾਂ ਅਪਰਾਧੀ ਜਾਂ ਸੁਵਿਧਾਕਰਤਾ ਦੀ ਸਥਿਤੀ ਅਤੇ/ਜਾਂ ਹਿੰਸਾ ਜਾਂ ਹਿੰਸਾ ਦੀ ਧਮਕੀ ਲਈ ਇੱਕ ਵਟਾਂਦਰਾ ਸ਼ਾਮਲ ਹੋ ਸਕਦਾ ਹੈ। ਇਹ ਕਿਸੇ ਸੰਗਠਿਤ ਨੈੱਟਵਰਕ ਜਾਂ ਗਿਰੋਹ ਦੁਆਰਾ ਕੀਤਾ ਜਾ ਸਕਦਾ ਹੈ ਜਾਂ ਸੁਵਿਧਾਜਨਕ ਬਣਾਇਆ ਜਾ ਸਕਦਾ ਹੈ, ਅਤੇ ਪੀੜਤ ਇਸ ਸਮੂਹ ਦਾ ਹਿੱਸਾ ਹੋਣ ਦੀ ਪਛਾਣ ਕਰ ਸਕਦਾ ਹੈ। CCE ਅਤੇ CSE ਬੱਚਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਮਰਦ ਅਤੇ ਔਰਤ ਦੋਵਾਂ ਨੂੰ, ਅਤੇ ਉਹਨਾਂ ਵਿੱਚ ਉਹ ਬੱਚੇ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਨੂੰ ਸ਼ੋਸ਼ਣ ਦੇ ਉਦੇਸ਼ ਲਈ ਤਬਦੀਲ ਕੀਤਾ ਗਿਆ ਹੈ (ਆਮ ਤੌਰ 'ਤੇ ਤਸਕਰੀ ਵਜੋਂ ਜਾਣਿਆ ਜਾਂਦਾ ਹੈ)। ਇਹ ਆਧੁਨਿਕ ਗੁਲਾਮੀ ਦਾ ਗਠਨ ਕਰ ਸਕਦਾ ਹੈ, ਅਤੇ ਹੋਰ ਜਾਣਕਾਰੀ ਆਧੁਨਿਕ ਗੁਲਾਮੀ ਕਾਨੂੰਨੀ ਮਾਰਗਦਰਸ਼ਨ ਵਿੱਚ ਉਪਲਬਧ ਹੈ। ਇਸ ਮਾਰਗਦਰਸ਼ਨ ਦੇ ਅਨੁਸਾਰ, ਇੱਕ ਸੰਬੰਧਿਤ ਬਾਲ ਸੁਰੱਖਿਆ ਅਤੇ ਆਧੁਨਿਕ ਗੁਲਾਮੀ ਰੈਫਰਲ ਪੂਰਾ ਕੀਤਾ ਜਾਣਾ ਚਾਹੀਦਾ ਹੈ ਜਿੱਥੇ CCE ਜਾਂ CSE ਦੇ ਸੰਭਾਵੀ ਪੀੜਤ ਦੀ ਪਛਾਣ ਕੀਤੀ ਜਾਂਦੀ ਹੈ।

## ਬਾਲ ਅਪਰਾਧਿਕ ਸ਼ੋਸ਼ਣ (CSE)[11]

39. CCE ਦੇ ਕੁਝ ਖਾਸ ਰੂਪਾਂ ਵਿੱਚ ਬੱਚਿਆਂ ਨੂੰ ਕਾਉਂਟੀ ਲਾਈਨਾਂ ਰਾਹੀਂ ਨਸ਼ੀਲੇ ਪਦਾਰਥਾਂ ਜਾਂ ਪੈਸੇ ਲਈ ਮਜਬੂਰ ਜਾਂ ਹੇਰਾਫੇਰੀ[12], ਭੰਗ ਫੈਕਟਰੀਆਂ ਵਿੱਚ ਕੰਮ ਕਰਨਾ, ਦੁਕਾਨਾਂ ਚੁੱਕਣਾ ਜਾਂ ਚੁੱਕਣਾ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਨੂੰ ਵਾਹਨ ਅਪਰਾਧ ਕਰਨ ਜਾਂ ਦੂਜਿਆਂ ਨੂੰ ਧਮਕਾਉਣ/ਗੰਭੀਰ ਹਿੰਸਾ ਕਰਨ ਲਈ ਮਜਬੂਰ ਜਾਂ ਹੇਰਾਫੇਰੀ ਵੀ ਕੀਤੀ ਜਾ ਸਕਦੀ ਹੈ।

40. ਬੱਚੇ ਇਸ ਕਿਸਮ ਦੇ ਸ਼ੋਸ਼ਣ ਰਾਹੀਂ ਫਸ ਸਕਦੇ ਹਨ ਕਿਉਂਕਿ ਅਪਰਾਧੀ ਪੀੜਤਾਂ (ਅਤੇ ਉਨ੍ਹਾਂ ਦੇ ਪਰਿਵਾਰਾਂ) ਨੂੰ

---

[9] UKCIS ਮਾਰਗਦਰਸ਼ਨ: ਸਿੱਖਿਆ ਸੈਟਿੰਗਾਂ ਲਈ ਨੂਡਸ ਅਤੇ ਅਰਧ-ਨਿਊਡਸ ਸਲਾਹ ਨੂੰ ਸਾਂਝਾ ਕਰਨਾ

[10] 'ਅਪਸਕ੍ਰਟਿੰਗ' ਬਾਰੇ ਵਧੇਰੀ ਜਾਣਕਾਰੀ ਲਈ ਅੰਤਿਕਾ ਨੂੰ ਦੇਖੋ।

[11] ਘਰ ਦਫ਼ਤਰ ਦੀ ਗੰਭੀਰ ਹਿੰਸਾ ਰਣਨੀਤੀ (Home Office's Serious Violence Strategy) ਦੇ ਪੰਨਾ 48 'ਤੇ CCE ਪਰਿਭਾਸ਼ਾ ਬਾਰੇ ਜਾਣਕਾਰੀ ਨੂੰ ਦੇਖੋ

[12] ਕਾਉਂਟੀ ਲਾਈਨਜ਼ ਇੱਕ ਅਜਿਹਾ ਸ਼ਬਦ ਹੈ ਜੋ ਉਨ੍ਹਾਂ ਗੈਂਗਾਂ ਅਤੇ ਸੰਗਠਿਤ ਅਪਰਾਧਿਕ ਨੈੱਟਵਰਕਾਂ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ, ਜੋ ਖਾਸ ਮੋਬਾਈਲ ਫੋਨ ਲਾਈਨਾਂ ਜਾਂ "ਡੀਲ ਲਾਈਨ" (ਸੌਦੇ ਲਈ ਵਰਤੀ ਜਾਣ ਵਾਲੀ ਲਾਈਨ) ਦੇ ਹੋਰ ਰੂਪਾਂ ਦੀ ਵਰਤੋਂ ਕਰਕੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੁੰਦੇ ਹਨ। 'ਕਾਉਂਟੀ ਲਾਈਨਜ਼' ਬਾਰੇ ਗ੍ਰਹਿ ਵਿਭਾਗ (Home Office) ਦੀ ਸਲਾਹ ਦੇ ਲਿੰਕ, ਸਫ਼ਾ 171 'ਤੇ ਗੰਭੀਰ ਹਿੰਸਾ ਬਾਰੇ ਜਾਣਕਾਰੀ ਵਿੱਚ ਦਿੱਤੇ ਗਏ ਹਨ।

ਹਿੰਸਾ ਦੀ ਧਮਕੀ ਦੇ ਸਕਦੇ ਹਨ, ਜਾਂ ਉਨ੍ਹਾਂ ਨੂੰ ਕਰਜ਼ੇ ਵਿੱਚ ਫਸਾ ਸਕਦੇ ਹਨ ਅਤੇ ਮਜਬੂਰ ਕਰ ਸਕਦੇ ਹਨ। ਉਨ੍ਹਾਂ ਨੂੰ ਚਾਕੂਆਂ ਵਰਗੇ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਜਾ ਸਕਦਾ ਹੈ ਜਾਂ ਦੂਜਿਆਂ ਦੇ ਨੁਕਸਾਨ ਤੋਂ ਸੁਰੱਖਿਆ ਦੀ ਭਾਵਨਾ ਲਈ ਚਾਕੂ ਚੁੱਕਣਾ ਸ਼ੁਰੂ ਕਰ ਸਕਦਾ ਹੈ। ਅਪਰਾਧਿਕ ਤੌਰ 'ਤੇ ਸ਼ੋਸ਼ਣ ਕੀਤੇ ਜਾਣ ਵਾਲੇ ਬੱਚਿਆਂ ਨੂੰ ਬਾਲਗਾਂ ਅਤੇ ਪੇਸ਼ੇਵਰਾਂ (ਖਾਸ ਕਰਕੇ ਵੱਡੇ ਬੱਚਿਆਂ) ਦੁਆਰਾ ਉਨ੍ਹਾਂ ਦੀਆਂ ਕਮਜ਼ੋਰੀਆਂ ਨੂੰ ਪਛਾਣਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨਾਲ ਪੀੜਤਾਂ ਵਜੋਂ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ। ਇੱਕ ਬੱਚੇ ਲਈ ਸ਼ੋਸ਼ਣ, ਦੁਰਵਿਵਹਾਰ ਜਾਂ ਤਸਕਰੀ ਲਈ ਸਹਿਮਤੀ ਦੇਣਾ ਸੰਭਵ ਨਹੀਂ ਹੈ, ਅਤੇ ਉਹ ਇਹ ਨਹੀਂ ਪਛਾਣ ਸਕਦੇ ਕਿ ਇਹ ਉਨ੍ਹਾਂ ਨਾਲ ਹੋ ਰਿਹਾ ਹੈ।

41. ਇਹ ਨੋਟ ਕਰਨਾ ਮਹੱਤਵਪੂਰਨ ਹੁੰਦਾ ਹੈ ਕਿ ਜਿਨ੍ਹਾਂ ਕੁੜੀਆਂ ਦਾ ਅਪਰਾਧਿਕ ਸ਼ੋਸ਼ਣ ਹੁੰਦਾ ਹੈ ਉਨ੍ਹਾਂ ਦਾ ਤਜਰਬਾ ਮੁੰਡਿਆਂ ਦੇ ਮੁਕਾਬਲੇ ਬਹੁਤ ਵੱਖਰਾ ਹੋ ਸਕਦਾ ਹੈ। ਸੰਕੇਤ ਇਕੋ ਜਿਹੇ ਨਹੀਂ ਹੋ ਸਕਦੇ, ਹਾਲਾਂਕਿ ਪੇਸ਼ੇਵਰਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਲੜਕੀਆਂ ਨੂੰ ਅਪਰਾਧਿਕ ਸ਼ੋਸ਼ਣ ਦੇ ਜੋਖ਼ਮ ਤੇ ਵੀ ਹੈ। ਇਹ ਨੋਟ ਕਰਨਾ ਵੀ ਮਹੱਤਵਪੂਰਣ ਹੈ ਕਿ ਲੜਕੇ ਅਤੇ ਲੜਕੀਆਂ ਦੋਵਾਂ ਦਾ ਅਪਰਾਧਿਕ ਸ਼ੋਸ਼ਣ ਕੀਤਾ ਜਾ ਸਕਦਾ ਹੈ ਜਿਨਸੀ ਸ਼ੋਸ਼ਣ ਦੇ ਵਧੇਰੇ ਜੋਖ਼ਮ 'ਤੇ ਹੋ ਸਕਦੇ ਹਨ।

## ਬਾਲ ਜਿਨਸੀ ਸ਼ੋਸ਼ਣ (CSE)

42. CSE ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਇੱਕ ਰੂਪ ਹੈ। ਜਿਨਸੀ ਸ਼ੋਸ਼ਣ ਵਿੱਚ ਸਰੀਰਕ ਸੰਪਰਕ ਸ਼ਾਮਲ ਹੋ ਸਕਦਾ ਹੈ, ਜਿਸ ਵਿੱਚ ਘੁਸਪੈਠ ਦੁਆਰਾ ਹਮਲਾ (ਉਦਾਹਰਨ ਵਜੋਂ, ਬਲਾਤਕਾਰ ਜਾਂ ਕਿਸੇ ਚੀਜ਼ ਨਾਲ ਦਾਖਲਾ ਕਰਨਾ) ਜਾਂ ਗੈਰ -ਸੇਂਧ ਵਾਲੀਆਂ ਕਾਰਵਾਈਆਂ ਜਿਵੇਂ ਕਿ ਹੱਥਰਸੀ, ਚੁੰਮਣ, ਰਗੜਨਾ ਅਤੇ ਬਾਹਰਲੇ ਕੱਪੜਿਆਂ ਨੂੰ ਛੂਹਣਾ ਸ਼ਾਮਲ ਹੈ। ਉਨ੍ਹਾਂ ਵਿੱਚ ਗੈਰ-ਸੰਪਰਕ ਵਾਲੀਆਂ ਗਤੀਵਿਧੀਆਂ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਬੱਚਿਆਂ ਦਾ ਸੈਕਸੀ ਤਸਵੀਰਾਂ ਨੂੰ ਦੇਖਣਾ, ਜਾਂ ਬਣਾਉਣਾ, ਜਿਨਸੀ ਗਤੀਵਿਧੀਆਂ ਦੇਖਣਾ, ਬੱਚਿਆਂ ਨੂੰ ਜਿਨਸੀ ਤੌਰ 'ਤੇ ਅਣਉਚਿਤ ਤਰੀਕਿਆਂ ਨਾਲ ਵਿਹਾਰ ਕਰਨ ਲਈ ਉਤਸਾਹਿਤ ਕਰਨਾ, ਜਾਂ ਕਿਸੇ ਮਾੜੇ ਵਤੀਰੇ ਦੀ ਤਿਆਰੀ ਲਈ ਇੱਕ ਬੱਚੇ ਨੂੰ ਤਿਆਰ ਕਰਨਾ।

43. CSE ਸਮੇਂ ਦੇ ਨਾਲ ਵਾਪਰ ਸਕਦਾ ਹੈ ਜਾਂ ਇੱਕ ਵਾਰ ਵਾਪਰ ਸਕਦਾ ਹੈ ਅਤੇ ਬੱਚੇ ਦੀ ਮੁੱਢਲੀ ਜਾਣਕਾਰੀ ਤੋਂ ਬਿਨਾਂ ਹੋ ਸਕਦਾ ਹੈ ਉਦਾਹਰਨ ਲਈ ਦੂਸਰੀਆਂ ਵੱਲੋਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਵੀਡੀਓ ਜਾਂ ਤਸਵੀਰਾਂ ਨੂੰ ਸਾਂਝਾ ਕੀਤਾ ਜਾਣਾ।

44. CSE ਕਿਸੇ ਵੀ ਬੱਚੇ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਿਸਨੂੰ ਜਿਨਸੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਗਿਆ ਹੈ। ਇਸ ਵਿੱਚ 16- ਅਤੇ 17 ਸਾਲ ਦੇ ਬੱਚੇ ਸ਼ਾਮਲ ਹਨ ਜੋ ਕਾਨੂੰਨੀ ਤੌਰ 'ਤੇ ਸੈਕਸ ਕਰਨ ਲਈ ਸਹਿਮਤੀ ਦੇ ਸਕਦੇ ਹਨ। ਇਹ ਕਿਸੇ ਵਿਅਕਤੀ ਜਾਂ ਇੱਕ ਸੰਗਠਿਤ ਨੈਟਵਰਕ[13] ਦੁਆਰਾ ਕੀਤਾ ਜਾ ਸਕਦਾ ਹੈ ਅਤੇ ਜ਼ਿਆਦਾਤਰ ਜਿਨਸੀ ਸ਼ੋਸ਼ਣ ਪੀੜਤ ਨੂੰ ਪਹਿਲਾਂ ਤੋਂ ਜਾਣੇ-ਪਛਾਣੇ ਲੋਕਾਂ ਦੁਆਰਾ ਕੀਤਾ ਜਾਂਦਾ ਹੈ। ਕੁਝ ਬੱਚਿਆਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਉਹ ਵਿਸ਼ਵਾਸ ਕਰ ਸਕਦੇ ਹਨ ਕਿ ਉਹ ਇੱਕ ਸੱਚੇ ਰੋਮਾਂਟਿਕ ਰਿਸ਼ਤੇ ਵਿੱਚ ਹਨ। CCE ਵਾਂਗ, ਪੀੜਤਾਂ ਨੂੰ ਹਮੇਸ਼ਾ ਪਛਾਣਿਆ ਨਹੀਂ ਜਾਂਦਾ ਅਤੇ ਜ਼ਬਰਦਸਤੀ ਦੌਰਾਨ ਕੀਤੀਆਂ ਗਈਆਂ ਕਾਰਵਾਈਆਂ ਲਈ ਉਨ੍ਹਾਂ ਨੂੰ ਅਪਰਾਧੀ ਠਹਿਰਾਇਆ ਜਾ ਸਕਦਾ ਹੈ। ਇਹ ਇੱਕ ਮਹੱਤਵਪੂਰਨ ਚਿੰਤਾ ਬਣੀ ਹੋਈ ਹੈ, ਕਿਉਂਕਿ ਪੇਸ਼ੇਵਰ ਅਜਿਹੇ ਮਾਮਲਿਆਂ ਦਾ ਸਾਹਮਣਾ ਕਰਦੇ ਰਹਿੰਦੇ ਹਨ ਜਿੱਥੇ ਬੱਚਿਆਂ ਨਾਲ ਹੇਰਾਫੇਰੀ ਕੀਤੀ ਜਾਂਦੀ ਹੈ, ਤਿਆਰ ਕੀਤਾ ਜਾਂਦਾ ਹੈ ਅਤੇ ਸ਼ੋਸ਼ਣ ਕੀਤਾ ਜਾਂਦਾ ਹੈ, ਬਿਨਾਂ ਉਹਨਾਂ ਦੇ ਅਨੁਭਵ ਕੀਤੇ ਗਏ ਦੁਰਵਿਵਹਾਰ ਨੂੰ ਪੂਰੀ ਤਰ੍ਹਾਂ

[13] ਬੱਚਿਆਂ ਦੇ ਜਿਨਸੀ ਸ਼ੋਸ਼ਣ ਬਾਰੇ ਸੁਤੰਤਰ ਜਾਂਚ: ਇੱਕ ਸੰਗਠਿਤ ਨੈੱਟਵਰਕ ਦੀ ਪਛਾਣ ਦੋ ਜਾਂ ਦੋ ਤੋਂ ਵੱਧ ਅਜਿਹੇ ਵਿਅਕਤੀਆਂ (ਭਾਵੇਂ ਉਨ੍ਹਾਂ ਦੀ ਪਛਾਣ ਹੋਈ ਹੋਵੇ ਜਾਂ ਨਹੀਂ) ਦੁਆਰਾ ਕੀਤੀ ਜਾਂਦੀ ਹੈ ਜੋ ਇੱਕ-ਦੂਜੇ ਨੂੰ ਜਾਣਦੇ ਹਨ (ਜਾਂ ਇੱਕ-ਦੂਜੇ ਨਾਲ ਜੁੜੇ ਹੋਏ ਹਨ) ਅਤੇ ਜੋ ਬੱਚਿਆਂ ਦੇ ਜਿਨਸੀ ਸ਼ੋਸ਼ਣ ਵਿੱਚ ਸ਼ਾਮਲ ਹੋਣ ਜਾਂ ਇਸਨੂੰ ਸੁਵਿਧਾਜਨਕ ਬਣਾਉਣ ਲਈ ਜਾਣੇ ਜਾਂਦੇ ਹਨ। ਬੱਚਿਆਂ ਦੇ ਜਿਨਸੀ ਸ਼ੋਸ਼ਣ ਵਿੱਚ ਸ਼ਾਮਲ ਹੋਣ ਵਿੱਚ ਸ਼ਾਮਲ ਹਨ: ਸ਼ੋਸ਼ਣ ਦੇ ਮਕਸਦ ਨਾਲ ਬੱਚਿਆਂ ਨੂੰ ਹੋਰ ਵਿਅਕਤੀਆਂ ਨਾਲ ਮਿਲਾਉਣਾ, ਜਿਨਸੀ ਸ਼ੋਸ਼ਣ ਦੇ ਮਕਸਦ ਲਈ ਬੱਚੇ ਦੀ ਤਸਕਰੀ ਕਰਨਾ, ਬੱਚੇ ਨਾਲ ਜਿਨਸੀ ਗਤੀਵਿਧੀਆਂ ਲਈ ਭੁਗਤਾਨ ਲੈਣਾ, ਜਾਂ ਆਪਣੀ ਜਾਇਦਾਦ ਨੂੰ ਬੱਚੇ ਨਾਲ ਜਿਨਸੀ ਗਤੀਵਿਧੀਆਂ ਲਈ ਵਰਤਣ ਦੀ ਇਜਾਜ਼ਤ ਦੇਣਾ।

ਸਮਝੇ।

## ਘਰੇਲੂ ਦੁਰਵਿਵਹਾਰ

45. ਘਰੇਲੂ ਦੁਰਵਿਵਹਾਰ ਵਿੱਚ ਵਿਵਹਾਰ ਦੀ ਇੱਕ ਵਿਸ਼ਾਲ ਸ਼੍ਰੇਣੀ ਸ਼ਾਮਲ ਹੋ ਸਕਦੀ ਹੈ ਅਤੇ ਇਹ ਇੱਕ ਘਟਨਾ ਜਾਂ ਘਟਨਾਵਾਂ ਦਾ ਇੱਕ ਪੈਟਰਨ ਹੋ ਸਕਦਾ ਹੈ। ਇਹ ਦੁਰਵਿਵਹਾਰ ਮਨੋਵਿਗਿਆਨਕ, ਸਰੀਰਕ, ਜਿਨਸੀ, ਵਿੱਤੀ ਜਾਂ ਭਾਵਨਾਤਮਕ ਹੋ ਸਕਦਾ ਹੈ, ਪਰ ਇਸ ਤੱਕ ਸੀਮਤ ਹੀ ਨਹੀਂ ਹੈ। ਬੱਚੇ ਘਰੇਲੂ ਮਾੜੇ ਵਤੀਰੇ ਦਾ ਸ਼ਿਕਾਰ ਹੋ ਸਕਦੇ ਹਨ। ਉਹ ਘਰ ਵਿੱਚ ਮਾੜੇ ਵਤੀਰੇ ਦੇ ਪ੍ਰਭਾਵਾਂ ਨੂੰ ਦੇਖ ਸਕਦੇ ਹਨ, ਸੁਣ ਸਕਦੇ ਹਨ, ਜਾਂ ਅਨੁਭਵ ਕਰ ਸਕਦੇ ਹਨ ਅਤੇ/ਜਾਂ ਆਪਣੇ ਗੂੜ੍ਹੇ ਸਬੰਧਾਂ (ਕਿਸ਼ੋਰ ਸਬੰਧਾਂ ਨਾਲ ਦੁਰਵਿਵਹਾਰ) ਵਿੱਚ ਘਰੇਲੂ ਮਾੜੇ ਵਤੀਰੇ ਦਾ ਸ਼ਿਕਾਰ ਹੋ ਸਕਦੇ ਹਨ। ਇਹ ਸਭ ਉਨ੍ਹਾਂ ਦੀ ਸਿਹਤ, ਤੰਦਰੁਸਤੀ, ਅਤੇ ਸਿੱਖਣ ਦੀ ਯੋਗਤਾ 'ਤੇ ਨੁਕਸਾਨਦੇਹ ਅਤੇ ਲੰਬੇ ਸਮੇਂ ਲਈ ਪ੍ਰਭਾਵ ਪਾ ਸਕਦੇ ਹਨ।

## ਫੀਮੇਲ ਜੇਨੀਟਲ ਮਿਉਟੀਲੇਸ਼ਨ (FGM)

46. ਹਾਲਾਂਕਿ **ਸਾਰੇ** ਸਟਾਫ਼ ਨੂੰ ਔਰਤਾਂ ਦੇ ਜਣਨ ਸਬੰਧੀ ਅੰਗਾਂ ਨੂੰ ਖਰਾਬ (FGM) ਕਰਨ ਬਾਰੇ ਕਿਸੇ ਵੀ ਚਿੰਤਾਵਾਂ ਦੇ ਸਬੰਧ ਵਿੱਚ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ, ਪਰ **ਅਧਿਆਪਕਾਂ 'ਤੇ ਕਨੂੰਨੀ ਜ਼ੁੰਮੇਵਾਰੀ** ਹੁੰਦੀ ਹੈ।[14] ਜੇ ਕਿਸੇ ਅਧਿਆਪਕ ਨੂੰ, ਪੇਸ਼ੇ ਵਿੱਚ ਆਪਣੇ ਕੰਮ ਦੌਰਾਨ, ਪਤਾ ਲਗਦਾ ਹੈ ਕਿ 18 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ FGM ਦੀ ਘਟਨਾ ਹੋਈ ਲੱਗਦੀ ਹੈ, ਤਾਂ ਅਧਿਆਕ ਨੂੰ ਇਸ ਦੀ ਰਿਪੋਰਟ ਪੁਲਿਸ ਨੂੰ **ਲਾਜ਼ਮੀ** ਤੌਰ 'ਤੇ ਕਰਨੀ ਚਾਹੀਦੀ ਹੈ। ਹੋਰ ਜਾਣਕਾਰੀ ਲਈ ਪੰਨਾ 176 ਦੇਖੋ।

## ਮਾਨਸਿਕ ਸਿਹਤ

47. **ਸਾਰੇ** ਸਟਾਫ ਨੂੰ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਮਾਨਸਿਕ ਸਿਹਤ ਸਮੱਸਿਆਵਾਂ, ਕੁਝ ਮਾਮਲਿਆਂ ਵਿੱਚ, ਸੁਰੱਖਿਆ ਸੰਬੰਧੀ ਚਿੰਤਾਵਾਂ ਵਿੱਚ ਵਿਕਸਤ ਹੋ ਸਕਦੀਆਂ ਹਨ। ਇਸ ਵਿੱਚ ਸਵੈ-ਨੁਕਸਾਨ, ਆਤਮਘਾਤੀ ਵਿਚਾਰ ਜਾਂ ਆਤਮ ਹੱਤਿਆ ਦਾ ਜੋਖਮ ਸ਼ਾਮਲ ਹੋ ਸਕਦਾ ਹੈ। ਇਹ ਇੱਕ ਸੰਕੇਤਕ ਵੀ ਹੋ ਸਕਦੇ ਹਨ ਕਿ ਇੱਕ ਬੱਚੇ ਨੇ ਦੁਰਵਿਵਹਾਰ, ਅਣਗਹਿਲੀ ਜਾਂ ਸ਼ੋਸ਼ਣ ਦਾ ਸਾਹਮਣਾ ਕੀਤਾ ਹੈ ਜਾਂ ਉਸਦਾ ਜੋਖਮ ਹੈ।

48. **ਸਿਰਫ਼** ਢੁਕਵੇਂ ਢੰਗ ਨਾਲ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਨੂੰ ਹੀ ਮਾਨਸਿਕ ਸਿਹਤ ਸਮੱਸਿਆ ਦਾ ਨਿਦਾਨ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਹਾਲਾਂਕਿ, ਸਿੱਖਿਆ ਸਟਾਫ ਰੋਜ਼ਾਨਾ ਬੱਚਿਆਂ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦੀ ਪਛਾਣ ਕਰਨ ਲਈ ਚੰਗੀ ਤਰ੍ਹਾਂ ਤਿਆਰ ਹੈ ਜਿਨ੍ਹਾਂ ਦੇ ਵਿਵਹਾਰ ਤੋਂ ਪਤਾ ਲੱਗਦਾ ਹੈ ਕਿ ਉਹ ਮਾਨਸਿਕ ਸਿਹਤ ਸਮੱਸਿਆ ਦਾ ਅਨੁਭਵ ਕਰ ਰਹੇ ਹਨ ਜਾਂ ਇੱਕ ਵਿਕਸਤ ਹੋਣ ਦੇ ਜੋਖਮ ਵਿੱਚ ਹਨ। ਜੇਕਰ ਕੋਈ ਬੱਚਾ ਆਪਣੀ ਮਾਨਸਿਕ ਸਿਹਤ ਨਾਲ ਜੂਝ ਰਿਹਾ ਹੈ, ਸਵੈ-ਨੁਕਸਾਨ ਪਹੁੰਚਾ ਰਿਹਾ ਹੈ, ਖਾਣ-ਪੀਣ ਦਾ ਵਿਕਾਰ ਹੈ ਜਾਂ ਆਤਮਘਾਤੀ ਵਿਚਾਰ ਦਾ ਅਨੁਭਵ ਕਰ ਰਿਹਾ ਹੈ ਅਤੇ ਆਪਣੀ ਜ਼ਿੰਦਗੀ ਖਤਮ ਕਰਨ ਦੀਆਂ ਯੋਜਨਾਵਾਂ ਬਣਾ ਰਿਹਾ ਹੈ, ਤਾਂ ਸੰਭਾਵੀ ਚੇਤਾਵਨੀ ਸੰਕੇਤ ਹੋਣ ਦੀ ਸੰਭਾਵਨਾ ਹੈ ਜਿਨ੍ਹਾਂ ਨੂੰ ਸਿੱਖਿਆ ਸਟਾਫ ਪਛਾਣਨ ਲਈ ਚੰਗੀ ਤਰ੍ਹਾਂ ਤਿਆਰ ਹੈ।

ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਵਿਵਹਾਰ ਵਿੱਚ ਮਹੱਤਵਪੂਰਨ ਬਦਲਾਅ,

[14] ਫੀਮੇਲ ਜੇਨੀਟਲ ਮਿਊਟੀਲੇਸ਼ਨ ਐਕਟ 2003 ਦੇ ਸੈਕਸ਼ਨ 5B(11) (a) ਤਹਿਤ, ਇੰਗਲੈਂਡ ਦੇ ਸਬੰਧ ਵਿੱਚ "ਅਧਿਆਪਕ" ਦਾ ਮਤਲਬ ਹੈ, ਐਜੂਕੇਸ਼ਨ ਐਕਟ 2002 ਦੇ ਸੈਕਸ਼ਨ 141A(1) ਅੰਦਰ ਕੋਈ ਵਿਅਕਤੀ (ਇੰਗਲੈਂਡ ਵਿੱਚ ਸਕੂਲਾਂ ਅਤੇ ਹੋਰ ਸੰਸਥਾਵਾਂ ਵਿੱਚ ਸਿੱਖਿਆ ਦਾ ਕੰਮ ਕਰਨ ਲਈ ਰੁਜਗਾਰ ਜਾਂ ਰੁਝੇ ਹੋਏ ਵਿਅਕਤੀ)।

- ਸੌਣ ਵਿੱਚ ਚਲੰਤ ਮੁਸ਼ਕਲ,
- ਸਮਾਜਿਕ ਸਥਿਤੀਆਂ ਤੋਂ ਪਿੱਛੇ ਹਟਣਾ,
- ਉਹ ਕੰਮ ਨਾ ਕਰਨਾ ਚਾਹੁੰਦਾ ਜੋ ਉਹ ਆਮ ਤੌਰ 'ਤੇ ਪਸੰਦ ਕਰਦੇ ਹਨ, ਅਤੇ
- ਸਵੈ-ਨੁਕਸਾਨ ਜਾਂ ਆਪਣੇ ਆਪ ਨੂੰ ਅਣਗੌਲਿਆ ਕਰਨ ਦੇ ਸਰੀਰਕ ਸੰਕੇਤ।

49. ਹਰ ਬੱਚਾ ਜੋ ਇਹਨਾਂ ਵਿਵਹਾਰਾਂ ਨੂੰ ਪ੍ਰਦਰਸ਼ਿਤ ਕਰਦਾ ਹੈ ਉਹ ਆਤਮਘਾਤੀ ਨਹੀਂ ਹੁੰਦਾ ਜਾਂ ਮਾਨਸਿਕ ਸਿਹਤ ਸੰਬੰਧੀ ਚਿੰਤਾ ਨਹੀਂ ਰੱਖਦਾ। ਹਾਲਾਂਕਿ, ਇਹਨਾਂ ਅਤੇ ਹੋਰ ਸੰਭਾਵੀ ਚੇਤਾਵਨੀ ਸੰਕੇਤਾਂ ਦੀ ਪਛਾਣ ਕਰਕੇ, ਸਿੱਖਿਆ ਸਟਾਫ ਉਹਨਾਂ ਬੱਚਿਆਂ ਦੀ ਪਛਾਣ ਕਰ ਸਕਦਾ ਹੈ ਜੋ ਆਪਣੀ ਮਾਨਸਿਕ ਸਿਹਤ ਨਾਲ ਜੂਝ ਰਹੇ ਹਨ ਅਤੇ ਖੁਦਕੁਸ਼ੀ ਬਾਰੇ ਸੋਚ ਰਹੇ ਹਨ ਅਤੇ ਸਹਾਇਤਾ ਅਤੇ ਮਹੱਤਵਪੂਰਨ ਸ਼ੁਰੂਆਤੀ ਦਖਲਅੰਦਾਜ਼ੀ ਦੀ ਪੇਸ਼ਕਸ਼ ਕਰ ਸਕਦੇ ਹਨ। ਸਕੂਲਾਂ ਅਤੇ ਕਾਲਜਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਦੁਆਰਾ ਪੇਸ਼ ਕੀਤੇ ਗਏ ਕਿਸੇ ਵੀ ਦਖਲਅੰਦਾਜ਼ੀ ਨੂੰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਅਤੇ ਸਿੱਖਿਆ ਦੀ ਜ਼ਰੂਰਤ ਅਤੇ ਪੜਾਅ ਲਈ ਢੁਕਵਾਂ ਸਾਬਤ ਕੀਤਾ ਜਾਵੇ।

50. ਜੇਕਰ ਸਟਾਫ ਨੂੰ ਕਿਸੇ ਬੱਚੇ ਦੀ ਮਾਨਸਿਕ ਸਿਹਤ ਬਾਰੇ ਚਿੰਤਾ ਹੈ ਜੋ ਕਿ ਇੱਕ ਸੁਰੱਖਿਆ ਚਿੰਤਾ ਵੀ ਹੈ, ਤਾਂ ਉਹਨਾਂ ਨੂੰ ਆਪਣੀ ਬਾਲ ਸੁਰੱਖਿਆ ਨੀਤੀ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਆਪਣੇ ਮਨੋਨੀਤ ਸੁਰੱਖਿਆ ਲੀਡਰ ਜਾਂ ਡਿਪਟੀ ਨਾਲ ਗੱਲ ਕਰਨੀ ਚਾਹੀਦੀ ਹੈ। ਜੇਕਰ ਸਟਾਫ ਨੂੰ ਲੱਗਦਾ ਹੈ ਕਿ ਕੋਈ ਬੱਚਾ ਖ਼ਤਰੇ ਵਿੱਚ ਹੈ, ਤਾਂ ਉਹਨਾਂ ਨੂੰ 999 'ਤੇ ਕਾਲ ਕਰਨੀ ਚਾਹੀਦੀ ਹੈ ਜਾਂ ਮਾਪਿਆਂ/ਦੇਖਭਾਲ ਕਰਨ ਵਾਲੇ ਜਾਂ ਹੋਰ ਢੁਕਵੇਂ ਵਿਅਕਤੀ ਦੁਆਰਾ ਤੁਰੰਤ A&E ਲਿਜਾਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜੇਕਰ ਕਿਸੇ ਬੱਚੇ ਨੂੰ ਆਪਣੀ ਮਾਨਸਿਕ ਸਿਹਤ ਲਈ ਤੁਰੰਤ ਮਦਦ ਦੀ ਲੋੜ ਹੈ, ਪਰ ਇਹ ਐਮਰਜੈਂਸੀ ਨਹੀਂ ਹੈ, ਤਾਂ ਸਟਾਫ NHS 111 ਤੋਂ ਔਨਲਾਈਨ ਮਦਦ ਪ੍ਰਾਪਤ ਕਰ ਸਕਦਾ ਹੈ ਜਾਂ 111 'ਤੇ ਕਾਲ ਕਰ ਸਕਦਾ ਹੈ ਅਤੇ ਮਾਨਸਿਕ ਸਿਹਤ ਵਿਕਲਪ ਚੁਣ ਸਕਦਾ ਹੈ।

## ਗੰਭੀਰ ਹਿੰਸਾ

51. ਗੰਭੀਰ ਹਿੰਸਾ ਇੱਕ ਨਿਰੰਤਰ ਸੁਰੱਖਿਆ ਚਿੰਤਾ ਹੈ। ਇਸ ਵਿੱਚ ਸਰੀਰਕ ਹਮਲਾ, ਹਥਿਆਰ ਚੁੱਕਣਾ, ਧਮਕੀ ਦੇਣਾ, ਜਾਂ ਹਥਿਆਰਾਂ ਦੀ ਵਰਤੋਂ ਕਰਨਾ ਸ਼ਾਮਲ ਹੋ ਸਕਦਾ ਹੈ, ਅਕਸਰ ਸਾਥੀਆਂ ਦੇ ਟਕਰਾਅ ਜਾਂ ਧੱਕੇਸ਼ਾਹੀ ਦੇ ਸੰਦਰਭ ਵਿੱਚ, ਅਤੇ ਇਹ ਅਪਰਾਧਿਕ ਸ਼ੋਸ਼ਣ ਨਾਲ ਵੀ ਜੁੜਿਆ ਹੋ ਸਕਦਾ ਹੈ। ਸਟਾਫ ਨੂੰ ਕਿਸੇ ਬੱਚੇ ਦੇ ਹਥਿਆਰ ਚੁੱਕਣ ਜਾਂ ਵਰਤਣ (ਜਾਂ ਅਜਿਹਾ ਕਰਨ ਦਾ ਇਰਾਦਾ ਜ਼ਾਹਰ ਕਰਨ) ਬਾਰੇ ਕਿਸੇ ਵੀ ਚਿੰਤਾ ਦੀ ਰਿਪੋਰਟ ਮਨੋਨੀਤ ਸੁਰੱਖਿਆ ਮੁਖੀ (ਜਾਂ ਡਿਪਟੀ) ਨੂੰ ਕਰਨੀ ਚਾਹੀਦੀ ਹੈ। ਮਨੋਨੀਤ ਸੁਰੱਖਿਆ ਮੁਖੀ ਨੂੰ ਸਕੂਲ ਵਿੱਚ ਵਿਅਕਤੀਗਤ ਵਿਦਿਆਰਥੀ ਅਤੇ ਹੋਰਾਂ ਦੋਵਾਂ ਲਈ ਜੋਖਮ ਦਾ ਮੁਲਾਂਕਣ ਕਰਨਾ ਚਾਹੀਦਾ ਹੈ, ਵਿਆਪਕ ਜਾਣਕਾਰੀ ਜਾਂ ਚਿੰਤਾਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਅਤੇ ਢੁਕਵੀਂ ਕਾਰਵਾਈ ਕਰਨੀ ਚਾਹੀਦੀ ਹੈ। ਜੋਖਮ 'ਤੇ ਨਿਰਭਰ ਕਰਦੇ ਹੋਏ, ਉਹਨਾਂ ਨੂੰ ਇੱਕ ਸੁਰੱਖਿਆ ਅਤੇ ਸਹਾਇਤਾ ਯੋਜਨਾ ਬਣਾਉਣੀ ਚਾਹੀਦੀ ਹੈ, ਅਤੇ ਜਿੱਥੇ ਢੁਕਵਾਂ ਹੋਵੇ, ਸਾਥੀਆਂ ਦੇ ਟਕਰਾਅ ਨੂੰ ਘਟਾਉਣ ਲਈ ਕਾਰਵਾਈ 'ਤੇ ਵਿਚਾਰ ਕਰਨਾ ਚਾਹੀਦਾ ਹੈ।

52. ਸਕੂਲ ਬੱਚਿਆਂ ਨੂੰ ਹਿੰਸਾ ਤੋਂ ਬਚਾਉਣ, ਪੀੜਤਾਂ ਦੀ ਸੁਰੱਖਿਆ ਕਰਨ, ਅਤੇ ਨਾਲ ਹੀ ਉਨ੍ਹਾਂ ਲੋਕਾਂ ਦੀ ਸੁਰੱਖਿਆ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ ਜੋ ਹਿੰਸਾ ਦੇ ਜੋਖਮ ਵਿੱਚ ਹੋ ਸਕਦੇ ਹਨ, ਜਾਂ ਹਿੰਸਾ ਕਰਨ ਵਿੱਚ ਸ਼ਾਮਲ ਹਨ (ਜੋ ਖੁਦ ਵੀ ਪੀੜਤ ਹੋ ਸਕਦੇ ਹਨ)। ਸਟਾਫ ਨੂੰ ਉਨ੍ਹਾਂ ਸੰਕੇਤਾਂ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਕਿ ਇੱਕ ਬੱਚਾ ਗੰਭੀਰ ਹਿੰਸਾ ਦੇ

ਜੋਖਮ ਵਿੱਚ ਹੋ ਸਕਦਾ ਹੈ ਜਾਂ ਇਸ ਵਿੱਚ ਸ਼ਾਮਲ ਹੋ ਸਕਦਾ ਹੈ। ਇਹ ਜੋਖਮ ਵਿਘਨ ਪਾਉਣ ਵਾਲੀ ਸਿੱਖਿਆ ਵਾਲੇ ਬੱਚਿਆਂ ਲਈ ਵਧੇਰੇ ਹਨ (ਜਿਵੇਂ ਕਿ ਮੁਅੱਤਲ, ਸਥਾਈ ਬਾਹਰ ਕੱਢਣਾ, ਵਿਕਲਪਿਕ ਪ੍ਰਬੰਧ ਵਿੱਚ ਸਮਾਂ) ਜਾਂ ਅਪਰਾਧ ਦਾ ਇਤਿਹਾਸ। ਸਕੂਲਾਂ ਨੂੰ ਇਹ ਵੀ ਸੁਚੇਤ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਕੂਲ ਵਾਲੇ ਦਿਨ (ਉਦਾਹਰਣ ਵਜੋਂ, ਸਕੂਲ ਤੋਂ ਤੁਰੰਤ ਬਾਅਦ) ਬੱਚੇ ਕਦੋਂ ਸਭ ਤੋਂ ਵੱਧ ਜੋਖਮ ਵਿੱਚ ਹੋ ਸਕਦੇ ਹਨ। ਗੰਭੀਰ ਹਿੰਸਾ ਨਾਲ ਸਬੰਧਤ ਸੂਚਕਾਂ, ਜੋਖਮ ਕਾਰਕਾਂ ਅਤੇ ਸੁਰੱਖਿਆਤਮਕ ਕਾਰਵਾਈਆਂ ਬਾਰੇ ਹੋਰ ਜਾਣਕਾਰੀ ਅਨੁਬੰਧ A ਵਿੱਚ ਦਿੱਤੀ ਗਈ ਹੈ।

53. ਜੋਖਮ ਵਿੱਚ ਮੰਨੇ ਜਾਣ ਵਾਲੇ ਲੋਕਾਂ ਲਈ ਸ਼ੁਰੂਆਤੀ, ਸਬੂਤ-ਅਧਾਰਤ ਸਹਾਇਤਾ, ਅਤੇ ਨਾਲ ਹੀ ਜਦੋਂ ਚਿੰਤਾਵਾਂ ਉਭਰਦੀਆਂ ਹਨ, ਮਹੱਤਵਪੂਰਨ ਬਿੰਦੂਆਂ 'ਤੇ, ਬਹੁਤ ਜ਼ਰੂਰੀ ਹੈ। ਇਸ ਵਿੱਚ ਭਰੋਸੇਮੰਦ ਬਾਲਗਾਂ ਤੱਕ ਪਹੁੰਚ, ਸਮਾਜਿਕ ਅਤੇ ਭਾਵਨਾਤਮਕ ਹੁਨਰ ਸਹਾਇਤਾ, ਅਤੇ, ਜਿੱਥੇ ਉਪਲਬਧ ਹੋਵੇ, ਨਿਸ਼ਾਨਾਬੱਧ ਦਖਲਅੰਦਾਜ਼ੀ ਜਿਵੇਂ ਕਿ ਸਲਾਹ ਜਾਂ ਇਲਾਜ ਸਹਾਇਤਾ (ਸਬੂਤ ਸਹਾਇਤਾ 'ਤੇ ਵਿਹਾਰਕ ਮਾਰਗਦਰਸ਼ਨ ਯੂਥ ਐਂਡੋਮੈਂਟ ਫੰਡ (YEF) (ਹਿੰਸਾ ਨੂੰ ਰੋਕਣ ਲਈ "ਕੀ ਕੰਮ ਕਰਦਾ ਹੈ" ਕੇਂਦਰ) ਤੋਂ ਉਪਲਬਧ ਹੈ।

54. ਮਨੋਨੀਤ ਸੁਰੱਖਿਆ ਲੀਡ ਰੈਫਰਲ ਅਤੇ ਪੁਲਿਸ ਨਾਲ ਕਦੋਂ ਸੰਪਰਕ ਕਰਨਾ ਹੈ ਬਾਰੇ ਹੋਰ ਮਾਰਗਦਰਸ਼ਨ Annex B (ਰੈਫਰਲ ਪ੍ਰਬੰਧਿਤ ਕਰੋ) ਵਿੱਚ ਲੱਭ ਸਕਦੇ ਹਨ।

### ਵਾਧੂ ਜਾਣਕਾਰੀ ਅਤੇ ਸਹਾਇਤਾ

55. ਵਿਭਾਗੀ ਸਲਾਹ ਜੇ ਤੁਸੀਂ ਚਿੰਤਤ ਹੋ ਕਿ ਬੱਚੇ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਹੈ ਤਾਂ ਕੀ ਕਰਨਾ ਹੈ: ਪ੍ਰੈਕਟੀਸ਼ਨਰਾਂ ਲਈ ਸਲਾਹ (What to do if you're worried a child is being abused: advice for practitioners) ਦੁਰਵਿਵਹਾਰ ਅਤੇ ਅਣਗਹਿਲੀ ਨੂੰ ਸਮਝਣ ਅਤੇ ਪਛਾਣਨ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਦੁਰਵਿਵਹਾਰ ਅਤੇ ਅਣਗਹਿਲੀ ਦੇ ਸੰਭਾਵੀ ਸੂਚਕਾਂ ਦੀਆਂ ਉਦਾਹਰਣਾਂ ਉਸ ਸਲਾਹ ਵਿੱਚ ਉਜਾਗਰ ਕੀਤੀਆਂ ਗਈਆਂ ਹਨ ਅਤੇ ਸਕੂਲ ਅਤੇ ਕਾਲਜ ਸਟਾਫ ਲਈ ਖਾਸ ਤੌਰ 'ਤੇ ਮਦਦਗਾਰ ਹੋਣਗੀਆਂ। NSPCC ਵੈੱਬਸਾਈਟ ਦੁਰਵਿਵਹਾਰ ਅਤੇ ਅਣਗਹਿਲੀ ਅਤੇ ਕੀ ਦੇਖਣਾ ਹੈ ਬਾਰੇ ਲਾਭਦਾਇਕ ਵਾਧੂ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ।

56. **ਅੰਤਿਕਾ A ਵਿੱਚ ਮਾੜੇ ਵਤੀਰੇ, ਸ਼ੋਸ਼ਣ ਅਤੇ ਸੁਰੱਖਿਆ ਮੁੱਦਿਆਂ ਦੇ ਵਿਸ਼ੇਸ਼ ਰੂਪਾਂ ਬਾਰੇ ਮਹੱਤਵਪੂਰਨ ਵਧੀਕ ਜਾਣਕਾਰੀ ਹੈ। ਸਕੂਲ ਅਤੇ ਕਾਲਜ ਲੀਡਰ ਅਤੇ ਉਹ ਸਟਾਫ ਜੋ ਬੱਚਿਆਂ ਨਾਲ ਸਿੱਧੇ ਕੰਮ ਕਰਦੇ ਹਨ ਉਨ੍ਹਾਂ ਨੂੰ ਅੰਤਿਕਾ A ਨੂੰ ਪੜ੍ਹਣਾ ਚਾਹੀਦਾ ਹੈ।**

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਹ ਕਿਸੇ ਬੱਚੇ ਬਾਰੇ ਚਿੰਤਤ ਹਨ

57. ਬੱਚਿਆਂ ਨਾਲ ਕੰਮ ਕਰ ਰਹੇ ਸਟਾਫ਼ ਨੂੰ **'ਇੱਥੇ ਹੋ ਸਕਦਾ ਹੈ'** ਨਜ਼ਰੀਏ ਨੂੰ ਬਣਾਕੇ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਜਿੱਥੇ ਸੁਰੱਖਿਆ ਚਿੰਤਾ ਹੁੰਦੀ ਹੈ। ਜਦੋਂ ਬੱਚੇ ਦੀ ਭਲਾਈ ਬਾਰੇ ਚਿੰਤਤ ਹੋ, ਤਾਂ ਸਟਾਫ਼ ਨੂੰ ਹਮੇਸ਼ਾਂ ਬੱਚੇ ਦੇ **ਸ੍ਰੇਸ਼ਠ ਹਿੱਤਾਂ** ਲਈ ਕੰਮ ਕਰਨਾ ਚਾਹੀਦਾ ਹੈ।

58. ਜੇ ਸਟਾਫ਼ ਨੂੰ ਬੱਚੇ ਦੀ ਭਲਾਈ ਬਾਰੇ **ਕੋਈ ਚਿੰਤਾਵਾਂ** ਹਨ, ਤਾਂ ਉਨ੍ਹਾਂ ਨੂੰ ਉਸ ਉੱਪਰ **ਤੁਰੰਤ** ਕੰਮ ਕਰਨਾ ਚਾਹੀਦਾ ਹੈ। ਸਫ਼ਾ 27 ਤੇ ਸਟਾਫ ਲਈ ਪ੍ਰਕਿਰਿਆ ਨੂੰ ਤੈਅ ਕਰਦੇ ਫਲੋ ਚਾਰਟ ਨੂੰ ਦੇਖੋ ਜਦੋਂ ਉਨ੍ਹਾਂ ਨੂੰ ਬੱਚੇ ਬਾਰੇ ਚਿੰਤਾਵਾਂ ਹਨ।

59. ਜੇ ਸਟਾਫ ਨੂੰ ਕੋਈ ਚਿੰਤਾ ਹੈ, ਤਾਂ ਉਨ੍ਹਾਂ ਨੂੰ ਆਪਣੀ ਸੰਸਥਾ ਦੀ ਬੱਚੇ ਦੀ ਸੁਰੱਖਿਆ ਨੀਤੀ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ।

60. ਫੇਰ ਵਿਕਲਪਾਂ ਵਿੱਚ ਸ਼ਾਮਲ ਹੋਣਗੇ:

- ਸਕੂਲ ਜਾਂ ਕਾਲਜ ਦੀਆਂ ਖੁਦ ਦੀਆਂ ਪੈਸਟਰਲ ਸਹਾਇਤਾ ਪ੍ਰਕਿਰਿਆਵਾਂ ਰਾਹੀਂ ਅੰਦਰੂਨੀ ਤੌਰ 'ਤੇ ਬੱਚੇ ਲਈ ਕਿਸੇ ਸਹਾਇਤਾ ਦਾ ਪ੍ਰਬੰਧ ਕਰਨਾ, ਇਸ ਗੱਲ 'ਤੇ ਵਿਚਾਰ ਕਰਨਾ ਸ਼ਾਮਲ ਹੈ ਕਿ ਅਜਿਹਾ ਕਰਨ ਨਾਲ ਬੱਚੇ ਨੂੰ ਵਾਧੂ ਜੋਖਮ ਵਿੱਚ ਨਹੀਂ ਪਾਇਆ ਜਾਂਦਾ, ਕੀ ਮਨੋਨੀਤ ਸੁਰੱਖਿਆ ਮੁਖੀ (ਜਾਂ ਡਿਪਟੀ) ਨੂੰ ਮਾਪਿਆਂ ਜਾਂ ਦੇਖਭਾਲ ਕਰਨ ਵਾਲਿਆਂ ਨੂੰ ਬੱਚੇ ਦੀ ਤੰਦਰੁਸਤੀ ਨੂੰ ਹੋਰ ਸਮਰਥਨ ਦੇਣ ਲਈ ਸੂਚਿਤ ਕਰਨਾ ਚਾਹੀਦਾ ਹੈ,
- ਫੈਮਿਲੀ ਹੈਲਪ ਦੇ ਮੁਲਾਂਕਣ ਨੂੰ ਸਮਝਣਾ।[15] ਜਾਂ
- ਵਿਧਾਨਿਕ ਸੇਵਾਵਾਂ ਲਈ ਰੈਫਰਲ ਬਣਾਉਣਾ।[16] ਉਦਾਹਰਨ ਲਈ, ਜਿਵੇਂ ਕਿ ਬੱਚੇ ਨੂੰ ਲੋੜ ਹੋ ਸਕਦੀ ਹੈ, ਬੱਚੇ ਨੂੰ ਲੋੜ ਹੈ ਜਾਂ ਨੁਕਸਾਨ ਹੋ ਰਿਹਾ ਹੈ ਜਾਂ ਨੁਕਸਾਨ ਹੋਣ ਦੀ ਸੰਭਾਵਨਾ ਹੈ।

61. ਨਿਯਤ ਸੁਰੱਖਿਆ ਲੀਡ (ਜਾਂ ਡਿਪਟੀ) ਸੁਰੱਖਿਆ ਚਿੰਤਾਵਾਂ ਤੇ ਚਰਚਾ ਕਰਨ ਲਈ ਹਮੇਸ਼ਾਂ ਉਪਲਬਧ ਹੋਣਾ ਚਾਹੀਦਾ ਹੈ। ਜੇ ਅਸਧਾਰਨ ਹਾਲਾਤਾਂ ਵਿੱਚ, ਨਿਯਤ ਸੁਰੱਖਿਆ ਲੀਡ (ਜਾਂ ਡਿਪਟੀ) ਉਪਲਬਧ ਨਹੀਂ ਹੁੰਦਾ, ਤਾਂ ਇਸ ਨਾਲ ਕੀਤੀ ਜਾਣ ਵਾਲੀ ਉਚਿਤ ਕਾਰਵਾਈ ਵਿੱਚ ਦੇਰੀ ਨਹੀਂ ਹੋਣੀ ਚਾਹੀਦੀ। ਸਟਾਫ ਨੂੰ ਸੀਨੀਅਰ ਲੀਡਰਸ਼ਿਪ ਟੀਮ ਦੇ ਮੈਂਬਰ ਨਾਲ ਗੱਲ ਕਰਨ ਅਤੇ/ਜਾਂ ਸਥਾਨਕ ਬੱਚਿਆਂ ਦੀ ਸਮਾਜਿਕ ਸੰਭਾਲ ਤੋਂ ਸਲਾਹ ਲੈਣ ਤੇ ਵਿਚਾਰ ਕਰਨਾ ਚਾਹੀਦਾ ਹੈ। ਇਨ੍ਹਾਂ ਹਾਲਾਤਾਂ ਵਿੱਚ, ਕਿਸੇ ਵੀ ਕੀਤੀ ਗਈ ਕਾਰਵਾਈ ਨੂੰ ਜਿੰਨਾ ਜਲਦੀ ਹੋ ਸਕੇ ਨਿਯਤ ਸੁਰੱਖਿਆ ਲੀਡ (ਜਾਂ ਡਿਪਟੀ) ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ।

62. ਸਟਾਫ ਨੂੰ ਇਹ ਮੰਨਕੇ ਨਹੀਂ ਚਲਣਾ ਚਾਹੀਦਾ ਹੈ ਕਿ ਕੋਈ ਸਹਿਕਰਮੀ ਜਾਂ ਕੋਈ ਹੋਰ ਪੇਸ਼ੇਵਰ ਕਾਰਵਾਈ ਕਰੇਗਾ ਅਤੇ ਉਹ ਜਾਣਕਾਰੀ ਸਾਂਝਾ ਕਰੇਗਾ ਜੋ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਖਤਰਨਾਕ ਹੋ ਸਕਦੀ ਹੈ। ਉਨ੍ਹਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਪ੍ਰਭਾਵੀ ਪਛਾਣ, ਮੁਲਾਂਕਣ ਅਤੇ ਢੁੱਕਵੀਂ ਸੇਵਾ ਵਿਵਸਥਾ ਦੀ ਵੰਡ ਲਈ ਮੁੱਢਲੀ ਜਾਣਕਾਰੀ ਸਾਂਝੀ ਕਰਨਾ ਬਹੁਤ ਜ਼ਰੂਰੀ ਹੈ, ਚਾਹੇ ਇਹ ਉਦੋਂ ਹੋਵੇ ਜਦੋਂ ਸਮੱਸਿਆਵਾਂ ਪਹਿਲੀ ਵਾਰ ਉਭਰਦੀਆਂ ਹੋਣ, ਜਾਂ ਜਿੱਥੇ ਬੱਚਾ ਜਾਂ ਜਿੱਥੇ ਕੋਈ ਬੱਚਾ ਪਹਿਲਾਂ ਹੀ ਸਥਾਨਕ ਅਥਾਰਟੀ ਬੱਚਿਆਂ ਦੀ ਸਮਾਜਿਕ ਦੇਖਭਾਲ (ਜਿਵੇਂ ਕਿ ਲੋੜਵੰਦ ਬੱਚਾ ਜਾਂ ਸੁਰੱਖਿਆ ਯੋਜਨਾ ਵਾਲਾ ਬੱਚਾ) ਦੁਆਰਾ ਜਾਣਿਆ ਜਾਂਦਾ ਹੈ। ਜਾਣਕਾਰੀ ਸਾਂਝੀ ਕਰਨਾ: ਬੱਚਿਆਂ, ਨੌਜਵਾਨਾਂ, ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸੁਰੱਖਿਆ ਸੇਵਾਵਾਂ ਪ੍ਰਦਾਨ ਕਰਨ ਵਾਲੇ ਪ੍ਰੈਕਟੀਸ਼ਨਰਾਂ ਲਈ ਸਲਾਹ ਉਹਨਾਂ ਸਟਾਫ ਦਾ ਸਮਰਥਨ ਕਰਦੀ ਹੈ ਜਿਨ੍ਹਾਂ ਨੂੰ ਜਾਣਕਾਰੀ ਸਾਂਝੀ ਕਰਨ ਬਾਰੇ ਫੈਸਲੇ ਲੈਣੇ ਪੈਂਦੇ ਹਨ।

63. **ਡੇਟਾ ਸੁਰੱਖਿਆ ਕਾਨੂੰਨ ਬੱਚਿਆਂ ਨੂੰ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਦੀ ਭਲਾਈ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ਾਂ ਲਈ ਜਾਣਕਾਰੀ ਸਾਂਝੀ ਕਰਨ ਤੋਂ ਨਹੀਂ ਰੋਕਦੇ।** ਜੇਕਰ ਜਾਣਕਾਰੀ ਸਾਂਝੀ ਕਰਨ ਬਾਰੇ ਕੋਈ ਸ਼ੱਕ ਹੈ, ਤਾਂ ਸਟਾਫ ਨੂੰ ਮਨੋਨੀਤ ਸੁਰੱਖਿਆ ਮੁਖੀ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ। ਜਾਣਕਾਰੀ ਸਾਂਝੀ ਕਰਨ ਬਾਰੇ ਡਰ ਨੂੰ ਬੱਚਿਆਂ ਦੀ ਭਲਾਈ ਦੀ ਸੁਰੱਖਿਆ ਅਤੇ ਉਤਸ਼ਾਹਿਤ ਕਰਨ ਦੀ ਜ਼ਰੂਰਤ ਦੇ ਰਾਹ ਵਿੱਚ **ਨਹੀਂ** ਆਉਣਾ ਚਾਹੀਦਾ।

## ਸਮਾਜ-ਅਧਾਰਤ ਸ਼ੁਰੂਆਤੀ ਮਦਦ ਮੁਲਾਂਕਣ

[15] ਜਲਦੀ ਮਦਦ ਮੁਲਾਂਕਣਾਂ, ਜਲਦੀ ਮਦਦ ਸੇਵਾਵਾਂ ਦੀ ਵਿਵਸਥਾ ਅਤੇ ਸੇਵਾਵਾਂ 'ਤੇ ਪਹੁੰਚ ਬਣਾਉਣ ਬਾਰੇ ਹੋਰ ਜਾਣਕਾਰੀ ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ (Working Together to Safeguard Children) ਵਿੱਚ ਹੈ।

[16] ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ (Working Together to Safeguard Children) ਤੈਅ ਕਰਦਾ ਹੈ ਕਿ ਸੁਰੱਖਿਆ ਕਰਨ ਵਾਲੇ ਭਾਗੀਦਾਰਾਂ ਨੂੰ ਇੱਕ ਸ਼ੁਰੂਆਤੀ ਦਸਤਾਵੇਜ਼ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ ਜਿਸ ਵਿੱਚ ਲੋੜ ਦੇ ਪੱਧਰ ਸਮੇਤ ਮਾਪਦੰਡ ਸ਼ਾਮਲ ਹੋਣੇ ਚਾਹੀਦੇ ਹਨ, ਕਦੋਂ ਕਿਸੇ ਮਾਮਲੇ ਨੂੰ ਸੈਕਸ਼ਨ 17 ਅਤੇ 47 ਅਧੀਨ ਮੁਲਾਂਕਣ ਅਤੇ ਵਿਧਾਨਕ ਸੇਵਾਵਾਂ ਲਈ ਸਥਾਨਕ ਅਥਾਰਿਟੀ ਬੱਚਿਆਂ ਦੀ ਸਮਾਜਿਕ ਸੰਭਾਲ ਕੋਲ ਭੇਜਿਆ ਜਾਣਾ ਚਾਹੀਦਾ ਹੈ। ਸਥਾਨਕ ਅਥਾਰਿਟੀਆਂ ਨੂੰ, ਆਪਣੇ ਭਾਗੀਦਾਰਾਂ ਦੇ ਨਾਲ, ਮੁਲਾਂਕਣ ਲਈ ਸਥਾਨਕ ਪ੍ਰੋਟੋਕਾਲਾਂ ਨੂੰ ਵਿਕਸਿਤ ਅਤੇ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ। ਸਥਾਨਕ ਪ੍ਰੋਟੋਕਾਲ ਵਿੱਚ ਇਸ ਲਈ ਸਪਸ਼ਟ ਵਿਵਸਥਾਵਾਂ ਤੈਅ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਮਾਮਲਿਆਂ ਦਾ ਪ੍ਰਬੰਧ ਕਿਵੇਂ ਹੋਵੇਗਾ ਜਦੋਂ ਬੱਚੇ ਨੂੰ ਸਥਾਨਕ ਅਥਾਰਿਟੀ ਬੱਚਿਆਂ ਦੀ ਸਮਾਜਿਕ ਸੰਭਾਲ ਵਿੱਚ ਭੇਜਿਆ ਜਾਂਦਾ ਹੈ।

64. ਜੇਕਰ ਬੱਚਿਆਂ ਨੂੰ ਕਾਨੂੰਨੀ ਬੱਚਿਆਂ ਦੀਆਂ ਸੇਵਾਵਾਂ ਦੇ ਸਮਰਥਨ ਦੀ ਲੋੜ ਨਹੀਂ ਹੈ, ਤਾਂ ਮਨੋਨੀਤ ਸੁਰੱਖਿਆ ਮੁਖੀ (ਜਾਂ ਡਿਪਟੀ) ਆਮ ਤੌਰ 'ਤੇ ਹੋਰ ਏਜੰਸੀਆਂ ਨਾਲ ਸੰਪਰਕ ਦੀ ਅਗਵਾਈ ਕਰੇਗਾ ਅਤੇ ਉਚਿਤ ਤੌਰ 'ਤੇ ਅੰਤਰ-ਏਜੰਸੀ ਮੁਲਾਂਕਣ ਸਥਾਪਤ ਕਰੇਗਾ। ਸਟਾਫ ਨੂੰ ਇਸ ਮੁਲਾਂਕਣ ਨੂੰ ਪੂਰਾ ਕਰਨ ਵਿੱਚ ਹੋਰ ਏਜੰਸੀਆਂ ਅਤੇ ਪੇਸ਼ੇਵਰਾਂ ਦਾ ਸਮਰਥਨ ਕਰਨ ਦੀ ਲੋੜ ਹੋ ਸਕਦੀ ਹੈ, ਕੁਝ ਮਾਮਲਿਆਂ ਵਿੱਚ ਮੁੱਖ ਪ੍ਰੈਕਟੀਸ਼ਨਰ ਵਜੋਂ ਕੰਮ ਕਰਨਾ। ਫੈਮਿਲੀ ਹੈਲਪ ਦੀ ਜ਼ਰੂਰਤ ਦੇ ਪ੍ਰਭਾਵਸ਼ਾਲੀ ਮੁਲਾਂਕਣ ਬਾਰੇ ਹੋਰ ਮਾਰਗਦਰਸ਼ਨ ਵਰਕਿੰਗ ਟੁਗੈਦਰ ਟੂ ਸੇਫਗਾਰਡ ਚਿਲਡਰਨ ਵਿੱਚ ਮਿਲ ਸਕਦਾ ਹੈ। ਅਜਿਹੇ ਕਿਸੇ ਵੀ ਮਾਮਲੇ ਦੀ ਨਿਰੰਤਰ ਸਮੀਖਿਆ ਅਧੀਨ ਰੱਖੀ ਜਾਣੀ ਚਾਹੀਦੀ ਹੈ ਅਤੇ ਜੇਕਰ ਬੱਚੇ ਦੀ ਸਥਿਤੀ ਵਿੱਚ ਸੁਧਾਰ ਨਹੀਂ ਹੁੰਦਾ ਜਾਂ ਵਿਗੜਦਾ ਜਾਪਦਾ ਹੈ ਤਾਂ ਕਾਨੂੰਨੀ ਸੇਵਾਵਾਂ ਲਈ ਮੁਲਾਂਕਣ ਲਈ ਸਥਾਨਕ ਅਥਾਰਟੀ ਬੱਚਿਆਂ ਦੀ ਸਮਾਜਿਕ ਦੇਖਭਾਲ ਨੂੰ ਰੈਫਰਲ ਕਰਨ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਵਿਕਲਪਕ ਤੌਰ 'ਤੇ, ਯੋਗ ਲੀਡ ਪ੍ਰੈਕਟੀਸ਼ਨਰ (ਭਾਵ, ਇੱਕ ਸਮਾਜ ਸੇਵਕ ਨਹੀਂ) ਜੋ ਕਾਨੂੰਨੀ ਦਖਲਅੰਦਾਜ਼ੀ ਤੋਂ ਪਹਿਲਾਂ ਮੁਲਾਂਕਣਾਂ ਦੀ ਅਗਵਾਈ ਕਰ ਸਕਦੇ ਹਨ, ਉਹ ਧਾਰਾ 17 ਤੱਕ ਅਤੇ ਇਸ ਸਮੇਤ ਪਰਿਵਾਰਾਂ ਨਾਲ ਕੰਮ ਦੀ ਅਗਵਾਈ ਕਰਨਾ ਜਾਰੀ ਰੱਖ ਸਕਦੇ ਹਨ।

## ਬੱਚਿਆਂ ਦੇ ਕਾਨੂੰਨੀ ਸਮਾਜਿਕ ਦੇਖਭਾਲ ਮੁਲਾਂਕਣ ਅਤੇ ਸੇਵਾਵਾਂ

65. **ਜਿੱਥੇ ਕੋਈ ਬੱਚਾ ਪੀੜਤ ਹੈ**, **ਜਾਂ ਨੁਕਸਾਨ ਤੋਂ ਪੀੜਤ ਹੋਣ ਦੀ ਸੰਭਾਵਨਾ ਹੈ**, **ਇਹ ਮਹੱਤਵਪੂਰਨ ਹੈ ਕਿ ਸਥਾਨਕ ਅਥਾਰਟੀ ਬੱਚਿਆਂ ਦੀ ਸਮਾਜਿਕ ਦੇਖਭਾਲ ਅਤੇ ਜੇਕਰ ਢੁਕਵਾਂ ਹੋਵੇ ਤਾਂ ਪੁਲਿਸ ਨੂੰ ਰੈਫਰਲ ਕੀਤਾ ਜਾਵੇ**, (ਦੇਖੋ ਪੁਲਿਸ ਨੂੰ ਕਦੋਂ ਬੁਲਾਉਣਾ ਹੈ: ਸਕੂਲਾਂ ਅਤੇ ਕਾਲਜਾਂ ਲਈ ਮਾਰਗਦਰਸ਼ਨ (when to call the police: guidance for schools and colleges (npcc.police.uk) **ਤੁਰੰਤ ਕੀਤਾ ਜਾਵੇ।** ਰੈਫਰਲ ਸਥਾਨਕ ਰੈਫਰਲ ਪ੍ਰਕਿਰਿਆ ਦੀ ਪਾਲਣਾ ਕਰਨੇ ਚਾਹੀਦੇ ਹਨ।

66. ਸਥਾਨਕ ਅਥਾਰਟੀ ਬੱਚਿਆਂ ਦੇ ਸਮਾਜਿਕ ਦੇਖਭਾਲ ਦੇ ਮੁਲਾਂਕਣਾਂ ਨੂੰ ਇਸ ਗੱਲ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਬੱਚਿਆਂ ਨੂੰ[17] ਘਰ ਤੋਂ ਬਾਹਰ ਦੇ ਸੰਦਰਭਾਂ ਵਿੱਚ ਕਿੱਥੇ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਇਸ ਲਈ ਇਹ ਮਹੱਤਵਪੂਰਨ ਹੈ ਕਿ ਸਕੂਲ ਅਤੇ ਕਾਲਜ ਹਵਾਲਾ ਪ੍ਰਕਿਰਿਆ ਦੇ ਹਿੱਸੇ ਵਜੋਂ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਨ। ਇਸ ਨਾਲ ਕਿਸੇ ਮੁਲਾਂਕਣ ਨੂੰ ਸਾਰੇ ਉਪਲਬਧ ਸਬੂਤਾਂ ਅਤੇ ਕਿਸੇ ਮਾੜੇ ਵਤੀਰੇ ਦੇ ਸੰਪੂਰਨ ਸੰਦਰਭ ਤੇ ਵਿਚਾਰ ਕਰਨ ਦੀ ਇਜਾਜ਼ਤ ਮਿਲੇਗੀ। ਵਾਧੂ ਜਾਣਕਾਰੀ ਇੱਥੇ ਉਪਲਬਧ ਹੈ: ਪ੍ਰਸੰਗਿਕ ਸੁਰੱਖਿਆ (Contextual Safeguarding)।

67. ਆਨਲਾਈਨ ਟੂਲ ਆਪਣੀ ਸਥਾਨਕ ਕੌਂਸਿਲ ਨੂੰ ਬੱਚਿਆਂ ਦੇ ਮਾੜੇ ਵਤੀਰੇ ਦੀ ਰਿਪੋਰਟ ਕਰਨਾ (Report child abuse to your local council) ਸਬੰਧਿਤ ਸਥਾਨਕ ਬੱਚਿਆਂ ਦੇ ਸਮਾਜਿਕ ਸੰਭਾਲ ਸੰਪਰਕ ਨੰਬਰ ਕੋਲ ਭੇਜਦਾ ਹੈ।

## ਲੋੜਵੰਦ ਬੱਚੇ

68. ਲੋੜਵੰਦ ਬੱਚੇ ਨੂੰ ਚਿਲਡਰਨ ਐਕਟ 1989 ਦੇ ਤਹਿਤ ਇਕ ਅਜਿਹੇ ਬੱਚੇ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ ਹੈ ਜਿਸ ਦੀ ਸਿਹਤ ਜਾਂ ਵਿਕਾਸ ਦੇ ਉੱਚ ਪੱਧਰ ਪ੍ਰਾਪਤ ਕਰਨ ਜਾਂ ਇਸ ਨੂੰ ਕਾਇਮ ਰੱਖਣ ਦੀ ਸੰਭਾਵਨਾ ਨਹੀਂ ਹੈ, ਜਾਂ ਜਿਨ੍ਹਾਂ ਦੀ ਸਿਹਤ ਅਤੇ ਵਿਕਾਸ ਦੀ ਸੇਵਾਵਾਂ ਦੇ ਪ੍ਰਬੰਧਾਂ ਦੇ ਬਿਨਾਂ, ਮਹੱਤਵਪੂਰਨ ਜਾਂ ਹੋਰ ਕਮਜ਼ੋਰ ਹੋਣ ਦੀ ਸੰਭਾਵਨਾ ਹੈ; ਜਾਂ ਅਪਾਹਜ ਬੱਚਾ ਹੈ। ਸਥਾਨਕ ਅਥਾਰਿਟੀਆਂ ਨੂੰ ਉਨ੍ਹਾਂ ਦੀ ਭਲਾਈ ਦੀ ਸੁਰੱਖਿਆ ਕਰਨ ਅਤੇ ਪ੍ਰੋਤਸਾਹਿਤ ਕਰਨ ਦੇ ਮੰਤਵਾਂ ਲਈ ਲੋੜਵੰਦ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਹੈ। ਚਿਲਡਰਨ ਐਕਟ 1989 ਦੇ ਸੈਕਸ਼ਨ 17 ਦੇ ਤਹਿਤ ਲੋੜਵੰਦ ਬੱਚਿਆਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ। ਜਿਵੇਂ ਕਿ ਵਰਕਿੰਗ ਟੂਗੇਦਰ ਟੂ ਸੇਫਗਾਰਡ ਚਿਲਡਰਨ ਵਿੱਚ ਦੱਸਿਆ ਗਿਆ ਹੈ, ਸਥਾਨਕ ਅਧਿਕਾਰੀਆਂ ਨੂੰ, ਆਪਣੇ ਸੁਰੱਖਿਆ ਭਾਈਵਾਲਾਂ ਅਤੇ ਕਿਸੇ ਵੀ ਸੰਬੰਧਿਤ ਏਜੰਸੀਆਂ ਨਾਲ,

[17] ਪਰਿਵਾਰਕ ਘਰ ਤੋਂ ਬਾਹਰ ਵਾਧੂ-ਪਰਿਵਾਰਕ ਜੋਖ਼ਮਾਂ ਅਤੇ ਵਾਤਾਵਰਣਾਂ ਬਾਰੇ ਹੋਰ ਜਾਣਕਾਰੀ ਲਈ ਇਕੱਠੇ ਕੰਮ ਕਰਨਾ (working together) ਨੂੰ ਦੇਖੋ

ਮੁਲਾਂਕਣ ਅਤੇ ਸਹਾਇਤਾ ਲਈ ਸਥਾਨਕ ਪ੍ਰੋਟੋਕੋਲ ਵਿਕਸਤ ਕਰਨੇ ਚਾਹੀਦੇ ਹਨ, ਸਹਿਮਤ ਹੋਣੇ ਚਾਹੀਦੇ ਹਨ ਅਤੇ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ। ਇਸ ਵਿੱਚ ਇਹ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ ਕਿ ਧਾਰਾ 17 (ਜੋ ਕਿ ਸਮਾਜਿਕ ਵਰਕਰਾਂ ਤੱਕ ਸੀਮਿਤ ਨਹੀਂ ਹੈ) ਦੇ ਤਹਿਤ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਵਿੱਚ ਮੁੱਖ ਪ੍ਰੈਕਟੀਸ਼ਨਰ ਵਜੋਂ ਕੌਣ ਕੰਮ ਕਰ ਸਕਦਾ ਹੈ।

## ਮਹੱਤਵਪੂਰਨ ਨੁਕਸਾਨ ਤੋਂ ਪੀੜਤ ਜਾਂ ਪੀੜਤ ਹੋਣ ਦੀ ਸੰਭਾਵਨਾ ਵਾਲੇ ਬੱਚੇ:

69. ਜਿਵੇਂ ਕਿ ਉਚਿਤ ਹੋਵੇ ਹੋਰ ਸੰਸਥਾਵਾਂ ਦੀ ਮਦਦ ਦੇ ਨਾਲ, ਸਥਾਨਕ ਅਥਾਰਿਟੀਆਂ ਦੀ ਚਿਲਡਰਨ ਐਕਟ 1989 ਦੇ ਸੈਕਸ਼ਨ 47 ਦੇ ਤਹਿਤ ਪੁੱਛਗਿੱਛ ਕਰਨ ਦੀ ਜ਼ੁੰਮੇਵਾਰੀ ਬਣਦੀ ਹੈ, ਜੇ ਉਨ੍ਹਾਂ ਕੋਲ ਸ਼ੱਕ ਕਰਨ ਦਾ ਮੁਨਾਸਿਬ ਕਾਰਨ ਹੈ ਕਿ ਬੱਚਾ ਮਹੱਤਵਪੂਰਨ ਨੁਕਸਾਨ ਤੋਂ ਪੀੜਤ ਹੈ ਜਾਂ ਹੋਣ ਦੀ ਸੰਭਾਵਨਾ ਹੈ। ਅਜਿਹੀਆਂ ਪੁੱਛਗਿੱਛਾਂ ਉਨ੍ਹਾਂ ਨੂੰ ਇਹ ਫੈਸਲਾ ਕਰਨ ਦੇ ਯੋਗ ਬਣਾਉਂਦੀਆਂ ਹਨ ਕਿ ਕੀ ਉਨ੍ਹਾਂ ਨੂੰ ਬੱਚੇ ਦੀ ਭਲਾਈ ਦੀ ਰਾਖੀ ਅਤੇ ਇਸ ਨੂੰ ਉਤਸ਼ਾਹਤ ਕਰਨ ਲਈ ਕੋਈ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਜਿੱਥੇ ਬਦਸਲੂਕੀ ਬਾਰੇ ਚਿੰਤਾਵਾਂ ਹੋਣ, ਉਨ੍ਹਾਂ ਨੂੰ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਦੁਰਵਿਵਹਾਰ ਅਤੇ ਅਣਗਹਿਲੀ ਦੇ ਸਾਰੇ ਰੂਪ ਸ਼ਾਮਲ ਹਨ।

## ਸਥਾਨਕ ਅਥਾਰਿਟੀ ਕੀ ਕਰੇਗੀ?

70. ਹਵਾਲਾ ਦੇਣ ਤੋਂ ਇੱਕ ਕੰਮਕਾਜੀ ਦਿਨ ਦੇ ਅੰਦਰ, ਇੱਕ ਸਥਾਨਕ ਅਥਾਰਿਟੀ ਸਮਾਜ ਸੇਵਕ ਨੂੰ ਹਵਾਲਾ ਦੇਣ ਵਾਲੇ ਨੂੰ ਪ੍ਰਾਪਤੀ ਦੀ ਰਸੀਦ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਅਗਲੇ ਕਦਮਾਂ ਅਤੇ ਜਵਾਬ ਦੀ ਕਿਸਮ ਤੇ ਫੈਸਲਾ ਲੈਣਾ ਚਾਹੀਦਾ ਹੈ ਜੋ ਲੋੜੀਂਦਾ ਹੈ। ਇਸ ਵਿੱਚ ਇਹ ਨਿਰਧਾਰਤ ਕਰਨਾ ਸ਼ਾਮਲ ਹੋਵੇਗਾ ਕਿ ਕੀ:

- ਬੱਚੇ ਨੂੰ ਤੁਰੰਤ ਸੁਰੱਖਿਆ ਦੀ ਜ਼ਰੂਰਤ ਹੈ ਅਤੇ ਜ਼ਰੂਰੀ ਕਾਰਵਾਈ ਦੀ ਲੋੜ ਹੈ
- ਬੱਚੇ ਅਤੇ ਪਰਿਵਾਰ ਨੂੰ ਕੋਈ ਸੇਵਾਵਾਂ ਦੀ ਲੋੜ ਹੈ ਅਤੇ ਕਿਸ ਤਰ੍ਹਾਂ ਦੀਆਂ ਸੇਵਾਵਾਂ
- ਬੱਚਾ ਲੋੜਵੰਦ ਹੈ, ਅਤੇ ਚਿਲਡਰਨ ਐਕਟ 1989 ਦੇ ਸੈਕਸ਼ਨ 17 ਦੇ ਤਹਿਤ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ; ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ (Working Together to Safeguard Children) ਮੁਲਾਂਕਣ ਪ੍ਰਕਿਰਿਆ ਦੇ ਵੇਰਵੇ ਪ੍ਰਦਾਨ ਕਰਦਾ ਹੈ
- ਇਸ ਗੱਲ 'ਤੇ ਸ਼ੱਕ ਕਰਨ ਦਾ ਜਾਇਜ਼ ਕਾਰਨ ਹੈ ਕਿ ਬੱਚੇ ਨੂੰ ਮਹੱਤਵਪੂਰਨ ਨੁਕਸਾਨ ਹੋ ਰਿਹਾ ਹੈ ਜਾਂ ਸੰਭਾਵਿਤ ਨੁਕਸਾਨ ਹੋ ਸਕਦਾ ਹੈ, ਅਤੇ ਕੀ ਪੁੱਛਗਿੱਛ ਕੀਤੀ ਜਾਣੀ ਚਾਹੀਦੀ ਹੈ ਅਤੇ ਚਿਲਡਰਨ ਐਕਟ 1989 ਦੇ ਸੈਕਸ਼ਨ 47 ਦੇ ਤਹਿਤ ਬੱਚੇ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ; ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ (Working Together to Safeguard Children) ਮੁਲਾਂਕਣ ਪ੍ਰਕਿਰਿਆ ਦੇ ਵੇਰਵੇ ਪ੍ਰਦਾਨ ਕਰਦਾ ਹੈ ਅਤੇ
- ਸਥਾਨਕ ਅਥਾਰਿਟੀ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨ ਲਈ ਹੋਰ ਮਾਹਰ ਮੁਲਾਂਕਣਾਂ ਦੀ ਲੋੜ ਹੈ ਕਿ ਅੱਗੇ ਕੀ ਕਦਮ ਚੁੱਕਣਾ ਹੈ;

71. ਹਵਾਲਾ ਦੇਣ ਵਾਲੇ ਨੂੰ ਫਾਲੋ ਅਪ ਕਰਨਾ ਚਾਹੀਦਾ ਹੈ ਜੇ ਇਹ ਜਾਣਕਾਰੀ ਆਉਣ ਵਾਲੀ ਨਹੀਂ ਹੈ।

72. ਜੇ ਸਮਾਜ ਸੇਵਕ ਕਿਸੇ ਵਿਧਾਨਿਕ ਮੁਲਾਂਕਣ ਨੂੰ ਕਰਨ ਦਾ ਫ਼ੈਸਲਾ ਕਰਦੇ ਹਨ, ਤਾਂ ਸਟਾਫ ਨੂੰ ਉਸ ਮੁਲਾਂਕਣ ਦਾ ਸਮਰਥਨ ਕਰਨ ਲਈ ਉਹ ਹਰੇਕ ਚੀਜ਼ ਕਰਨੀ ਚਾਹੀਦੀ ਹੈ ਜੋ ਉਹ ਕਰ ਸਕਦੇ ਹਨ ਲੋੜ ਅਨੁਸਾਰ ਨਿਯਤ ਸੁਰੱਖਿਆ ਲੀਡ (ਜਾਂ ਡਿਪਟੀ) ਵੱਲੋਂ ਸਮਰਥਿਤ।

73. ਜੇ, ਹਵਾਲਾ ਦੇਣ ਤੋਂ ਬਾਅਦ, ਇਹ ਨਹੀਂ ਲਗਦਾ ਕਿ ਬੱਚੇ ਦੀ ਸਥਿਤੀ ਵਿੱਚ ਕੋਈ ਸੁਧਾਰ ਹੋ ਰਿਹਾ ਹੈ, ਤਾਂ ਹਵਾਲਾ ਦੇਣ ਵਾਲੇ ਨੂੰ ਇਹ ਯਕੀਨੀ ਬਣਾਉਣ ਲਈ ਸਥਾਨਕ ਪ੍ਰਸਾਰ ਪ੍ਰਕਿਰਿਆਵਾਂ ਤੇ ਵਿਚਾਰ ਕਰਨ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਚਿੰਤਾਵਾਂ ਤੇ ਤਵੱਜੋ ਦਿੱਤੀ ਗਈ ਹੈ, ਅਤੇ ਸਭ ਤੋਂ ਮਹੱਤਵਪੂਰਨ, ਕਿ ਬੱਚੇ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ।

### ਰਿਕਾਰਡ ਰੱਖਣਾ

74. ਸਾਰੀਆਂ ਚਿੰਤਾਵਾਂ, ਚਰਚਾਵਾਂ ਅਤੇ ਲਏ ਗਏ ਫੈਸਲੇ, ਅਤੇ ਉਨ੍ਹਾਂ ਫ਼ੈਸਲਿਆਂ ਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਮਦਦ ਕਰੇਗਾ ਜੇ/ਜਦੋਂ ਸਕੂਲ ਜਾਂ ਕਾਲਜ ਵੱਲੋਂ ਕਿਸੇ ਮਾਮਲੇ 'ਤੇ ਪ੍ਰਕਿਰਿਆ ਕੀਤੀ ਜਾਂਦੀ ਹੈ, ਇਸ ਬਾਰੇ ਕਿਸੇ ਸ਼ਿਕਾਇਤ ਦਾ ਜਵਾਬ ਦੇਣ ਵੇਲੇ। ਜਾਣਕਾਰੀ ਨੂੰ ਗੁਪਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਸੁਰੱਖਿਅਤ ਤਰਿਕਾ ਨਾਲ ਸਟੋਰ ਕੀਤਾ ਜਾਣਾ ਚਾਹੀਦਾ ਹੈ। ਚਿੰਤਾਵਾਂ ਅਤੇ ਹਵਾਲਿਆਂ ਨੂੰ ਹਰੇਕ ਬੱਚੇ ਲਈ ਵੱਖਰੀ ਬਾਲ ਸੁਰੱਖਿਆ ਫਾਈਲ ਵਿੱਚ ਰੱਖਣਾ ਚੰਗਾ ਅਭਿਆਸ ਹੈ।

ਰਿਕਾਰਡਾਂ ਵਿੱਚ ਇਹ ਕੁਝ ਸ਼ਾਮਲ ਹੋਣਾ **ਚਾਹੀਦਾ** ਹੈ:

- ਮਸਲੇ ਦਾ ਇੱਕ ਸਪਸ਼ਟ ਅਤੇ ਵਿਆਪਕ ਸਾਰ;
- ਮਸਲੇ ਦਾ ਪਾਲਣ ਅਤੇ ਹੱਲ ਕਿਵੇਂ ਕੀਤਾ ਗਿਆ ਇਸਦਾ ਵੇਰਵਾ;
- ਕੀਤੀ ਗਈ ਕਿਸੇ ਵੀ ਕਾਰਵਾਈ, ਫੈਸਲੇ ਤੇ ਪਹੁੰਚਣ ਅਤੇ ਨਤੀਜਿਆਂ ਦਾ ਇੱਕ ਨੋਟ।

75. ਜੇ ਰਿਕਾਰਡਿੰਗ ਲੋੜਾਂ ਬਾਰੇ ਕੋਈ ਸ਼ੱਕ ਹੈ, ਤਾਂ ਸਟਾਫ ਨੂੰ ਨਿਯਤ ਸੁਰੱਖਿਆ ਲੀਡ (ਜਾਂ ਡਿਪਟੀ) ਨਾਲ ਚਰਚਾ ਕਰਨੀ ਚਾਹੀਦੀ ਹੈ।

## ਇਹ ਸਭ ਮਹੱਤਵਪੂਰਨ ਕਿਉਂ ਹੈ?

76. ਇਹ ਜ਼ਰੂਰੀ ਹੈ ਕਿ ਬੱਚਿਆਂ ਨੂੰ ਸਹੀ ਸਮੇਂ ਤੇ ਸਹੀ ਸਹਾਇਤਾ ਪ੍ਰਾਪਤ ਹੋਵੇ ਜੋ ਸੁਰੱਖਿਆ ਦੇ ਜੋਖ਼ਮਾਂ ਨੂੰ ਦੂਰ ਕਰਨ, ਵਧ ਰਹੇ ਮੁੱਦਿਆਂ ਨੂੰ ਰੋਕਣ ਅਤੇ ਬੱਚਿਆਂ ਦੀ ਭਲਾਈ ਨੂੰ ਉਤਸ਼ਾਹਤ ਕਰਨ ਲਈ ਹੋਵੇ। ਖੋਜ ਅਤੇ ਸਥਾਨਕ ਬਾਲ ਸੁਰੱਖਿਆ ਅਭਿਆਸ ਸਮੀਖਿਆ ਨੇ ਵਾਰ-ਵਾਰ ਪ੍ਰਭਾਵੀ ਕਾਰਵਾਈ ਕਰਨ ਵਿੱਚ ਅਸਫਲ ਰਹਿਣ ਦੇ ਖ਼ਤਰੇ ਦਰਸਾਏ ਹਨ।[18] ਸਥਾਨਕ ਬਾਲ ਸੁਰੱਖਿਆ ਅਭਿਆਸ ਸਮੀਖਿਆਵਾਂ ਬਾਰੇ ਹੋਰ ਜਾਣਕਾਰੀ ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ (Working Together to Safeguard Children) ਵਿੱਚ ਲੱਭੀ ਜਾ ਸਕਦੀ ਹੈ। ਮਾੜੇ ਅਭਿਆਸ

ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਕਾਰਵਾਈ ਕਰਨ ਵਿੱਚ ਅਸਫਲ ਹੋਣਾ ਅਤੇ ਮਾੜੇ ਵਤੀਰੇ ਅਤੇ ਅਣਗਹਿਲੀ ਦੇ ਸ਼ੁਰੂਆਤੀ ਸੰਕੇਤਾਂ ਨੂੰ ਵੇਖੋ
- ਰਿਕਾਰਡ ਰੱਖਣ ਦਾ ਖ਼ਰਾਬ ਤਰੀਕਾ
- ਬੱਚੇ ਦੇ ਵਿਚਾਰਾਂ ਨੂੰ ਸੁਣਨ ਵਿੱਚ ਅਸਫਲਤਾ
- ਜਦੋਂ ਸਥਿਤੀਆਂ ਵਿੱਚ ਸੁਧਾਰ ਨਹੀਂ ਹੁੰਦਾ ਤਾਂ ਚਿੰਤਾਵਾਂ ਦਾ ਮੁੜ-ਨਿਰਧਾਰਨ ਕਰਨ ਵਿੱਚ ਅਸਫਲਤਾ
- ਏਜੰਸੀਆਂ ਦੇ ਅੰਦਰ ਅਤੇ ਵਿਚਕਾਰ ਸਹੀ ਲੋਕਾਂ ਨਾਲ ਜਾਣਕਾਰੀ ਸਾਂਝੀ ਨਾ ਕਰਨਾ
- ਜਾਣਕਾਰੀ ਨੂੰ ਬਹੁਤ ਹੌਲੀ-ਹੌਲੀ ਸਾਂਝਾ ਕਰਨਾ; ਅਤੇ
- ਉਨ੍ਹਾਂ ਨੂੰ ਚੁਣੌਤੀ ਦੀ ਕਮੀ ਜੋ ਕਾਰਵਾਈ ਕਰਦੇ ਨਹੀਂ ਲੱਗਦੇ।

[18] ਗੰਭੀਰ ਕੇਸ ਦੀਆਂ ਸਮੀਖਿਆਵਾਂ ਦੇ ਵਿਸ਼ਲੇਸ਼ਣ ਨੂੰ gov.uk/government/publications/serious-case-reviews-analysis-lessons-and-challenges 'ਤੇ ਦੇਖਿਆ ਜਾ ਸਕਦਾ ਹੈ

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਸੁਰੱਖਿਆ ਸੰਬੰਧੀ ਚਿੰਤਾ ਜਾਂ ਕਿਸੇ ਹੋਰ ਸਟਾਫ ਮੈਂਬਰ ਬਾਰੇ ਕੋਈ ਇਲਜ਼ਾਮ ਹੈ

77. ਸਕੂਲਾਂ ਅਤੇ ਕਾਲਜਾਂ ਵਿੱਚ ਸਟਾਫ਼ ਮੈਂਬਰਾਂ (ਸਪਲਾਈ ਸਟਾਫ, ਸਿਖਿਆਰਥੀ ਅਧਿਆਪਕਾਂ, ਵਾਲੰਟੀਅਰਾਂ ਅਤੇ ਠੇਕੇਦਾਰਾਂ ਸਮੇਤ) ਬਾਰੇ ਕਿਸੇ ਵੀ ਸੁਰੱਖਿਆ ਸੰਬੰਧੀ ਚਿੰਤਾ ਜਾਂ ਦੋਸ਼ (ਭਾਵੇਂ ਕਿੰਨਾ ਵੀ ਛੋਟਾ ਹੋਵੇ) ਦਾ ਪ੍ਰਬੰਧਨ ਕਰਨ ਲਈ ਪ੍ਰਕਿਰਿਆਵਾਂ ਅਤੇ ਵਿਧੀਆਂ ਹੋਣੀਆਂ ਚਾਹੀਦੀਆਂ ਹਨ।

78. ਜੇ ਸਟਾਫ਼ ਨੂੰ ਸੁਰੱਖਿਆ ਸੰਬੰਧੀ ਚਿੰਤਾ ਹੈ ਜਾਂ ਸਟਾਫ਼ ਦੇ ਕਿਸੇ ਹੋਰ ਮੈਂਬਰ (ਸਪਲਾਈ ਸਟਾਫ, ਸਿਖਿਆਰਥੀ ਅਧਿਆਪਕਾਂ, ਵਾਲੰਟੀਅਰਾਂ ਅਤੇ ਠੇਕੇਦਾਰਾਂ ਸਮੇਤ) 'ਤੇ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਹੈ, ਤਾਂ:

- ਇਸ ਨੂੰ ਮੁੱਖ ਅਧਿਆਪਕ ਜਾਂ ਪ੍ਰਿੰਸੀਪਲ ਕੋਲ ਭੇਜਿਆ ਜਾਣਾ ਚਾਹੀਦਾ ਹੈ, ਜੋ ਵਿਚਾਰ ਕਰੇਗਾ ਕਿ ਕੀ LADO ਨੂੰ ਅੱਗੇ ਭੇਜਣ ਦੀ ਲੋੜ ਹੈ
- ਜਿੱਥੇ ਮੁੱਖ ਅਧਿਆਪਕ ਜਾਂ ਪ੍ਰਿੰਸੀਪਲ ਬਾਰੇ ਕੋਈ ਚਿੰਤਾ/ ਦੋਸ਼ ਹਨ, ਇਸ ਨੂੰ ਗਵਰਨਰਾਂ ਦੀ ਚੇਅਰ, ਮੈਨੇਜਮੈਂਟ ਕਮੇਟੀ ਦੀ ਚੇਅਰਮੈਨ ਜਾਂ ਕਿਸੇ ਸੁਤੰਤਰ ਸਕੂਲ ਦੇ ਮਾਲਕ ਨੂੰ ਭੇਜਿਆ ਜਾਣਾ ਚਾਹੀਦਾ ਹੈ, ਅਤੇ
- ਮੁੱਖ ਅਧਿਆਪਕ ਬਾਰੇ ਚਿੰਤਾਵਾਂ/ਦੋਸ਼ਾਂ ਦੀ ਸਥਿਤੀ ਵਿੱਚ, ਜਿੱਥੇ ਮੁੱਖ ਅਧਿਆਪਕ ਇੱਕ ਸੁਤੰਤਰ ਸਕੂਲ ਦਾ ਇਕਲੌਤਾ ਮਾਲਕ ਵੀ ਹੋਵੇ ਜਾਂ ਅਜਿਹੀ ਸਥਿਤੀ ਜਿੱਥੇ ਮੁੱਖ ਅਧਿਆਪਕ ਨੂੰ ਮਾਮਲੇ ਦੀ ਰਿਪੋਰਟ ਕਰਨ ਵਿੱਚ ਦਿਲਚਸਪੀ ਦਾ ਟਕਰਾਅ ਹੋਵੇ, ਇਸਦੀ ਸਿੱਧੀ ਸੂਚਨਾ (LADO)(s) ਨੂੰ ਦਿੱਤੀ ਜਾਣੀ ਚਾਹੀਦੀ ਹੈ। ਤੁਹਾਡੇ ਸਥਾਨਕ LADO ਦੇ ਵੇਰਵੇ ਤੁਹਾਡੀ ਸਥਾਨਕ ਅਥਾਰਟੀ ਦੀ ਵੈਬਸਾਈਟ 'ਤੇ ਅਸਾਨੀ ਨਾਲ ਪਹੁੰਚਯੋਗ ਹੋਣੇ ਚਾਹੀਦੇ ਹਨ।

79. ਜੇ ਸਟਾਫ਼ ਨੂੰ ਸੁਰੱਖਿਆ ਸੰਬੰਧੀ ਚਿੰਤਾ ਹੈ ਜਾਂ ਸਟਾਫ਼ ਦੇ ਕਿਸੇ ਹੋਰ ਮੈਂਬਰ (ਸਪਲਾਈ ਸਟਾਫ, ਸਿਖਿਆਰਥੀ ਅਧਿਆਪਕਾਂ, ਵਾਲੰਟੀਅਰਾਂ ਜਾਂ ਠੇਕੇਦਾਰਾਂ ਸਮੇਤ) ਬਾਰੇ ਕੋਈ ਇਲਜ਼ਾਮ ਹੈ ਜੋ ਨੁਕਸਾਨ ਦੀ ਸੀਮਾ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਇਸਨੂੰ ਸਕੂਲ ਜਾਂ ਕਾਲਜ ਦੀ ਹੇਠਲੇ ਪੱਧਰ ਦੀ ਚਿੰਤਾ ਨੀਤੀ ਦੇ ਅਨੁਸਾਰ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਹੋਰ ਵੇਰਵੇ ਇਸ ਮਾਰਗਦਰਸ਼ਨ ਦੇ ਭਾਗ ਚਾਰ ਵਿੱਚ ਲੱਭੇ ਜਾ ਸਕਦੇ ਹਨ।

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਸਕੂਲ ਜਾਂ ਕਾਲਜ ਅੰਦਰ ਸੁਰੱਖਿਅਤ ਰੱਖਣ ਦੇ ਤਰਿਕਿਆਂ ਬਾਰੇ ਚਿੰਤਾਵਾਂ ਹਨ

80. ਸਾਰੇ ਸਟਾਫ ਅਤੇ ਵਲੰਟੀਅਰਾਂ ਨੂੰ ਸਕੂਲ ਜਾਂ ਕਾਲਜ ਦੀ ਸੁਰੱਖਿਆ ਪ੍ਰਣਾਲੀ ਵਿੱਚ ਮਾੜੇ ਜਾਂ ਅਸੁਰੱਖਿਅਤ ਅਭਿਆਸ ਅਤੇ ਸੰਭਾਵਿਤ ਅਸਫਲਤਾਵਾਂ ਬਾਰੇ ਚਿੰਤਾਵਾਂ ਨੂੰ ਪੇਸ਼ ਕਰਨ ਵਿੱਚ ਸਮਰੱਥ ਹੋਣਾ ਚਾਹੀਦਾ ਹੈ, ਅਤੇ ਇਹ ਜਾਣਨਾ ਚਾਹੀਦਾ ਹੈ ਕਿ ਸੀਨੀਅਰ ਲੀਡਰਸ਼ਿਪ ਟੀਮ ਦੁਆਰਾ ਇਸ ਤਰ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

81. ਸਕੂਲ ਜਾਂ ਕਾਲਜ ਦੀ ਸੀਨੀਅਰ ਲੀਡਰਸ਼ਿਪ ਦੀ ਟੀਮ ਕੋਲ ਉਠਾਈਆਂ ਜਾਣ ਵਾਲੀਆਂ ਅਜਿਹੀਆਂ ਸਮੱਸਿਆਵਾਂ ਲਈ ਉਚਿਤ ਧਿਆਨ ਖਿੱਚਣ ਵਾਲੀਆਂ ਪ੍ਰਕਿਰਿਆਵਾਂ ਨੂੰ ਰੱਖਿਆ ਜਾਣਾ ਚਾਹੀਦਾ ਹੈ।

82. ਜਿੱਥੇ ਇੱਕ ਸਟਾਫ ਮੈਂਬਰ ਆਪਣੇ ਮਾਲਕ ਨਾਲ ਕੋਈ ਮੁੱਦਾ ਉਠਾਉਣ ਵਿੱਚ ਅਸਮਰੱਥ ਮਹਿਸੂਸ ਕਰਦਾ ਹੈ, ਜਾਂ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀਆਂ ਅਸਲ ਚਿੰਤਾਵਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ, ਉੱਥੇ ਹੋਰ ਵਿਸਲੇਬਲਿੰਗ ਚੈਨਲ

ਉਨ੍ਹਾਂ ਲਈ ਖੁੱਲ੍ਹੇ ਹਨ:

- ਵ੍ਹਿਸਲਬਲੋਇੰਗ ਬਾਰੇ ਆਮ ਸਲਾਹ ਕਰਮਚਾਰੀਆਂ ਲਈ ਵ੍ਹਿਸਲਬਲੋਇੰਗ (whistleblowing for employees) 'ਤੇ ਮਿਲ ਸਕਦੀ ਹੈ, ਅਤੇ
- ਅਜਿਹੇ ਸਟਾਫ ਲਈ NSPCC ਮੁਖਬਰੀ ਹੈਲਪਲਾਈਨ (NSPCC Whistleblowing Advice Line) ਇੱਕ ਵਿਕਲਪਿਕ ਰਾਸਤੇ ਵਜੋਂ ਮੌਜੂਦ ਹੈ ਜੋ ਅੰਦਰੂਨੀ ਤੌਰ 'ਤੇ ਬੱਚੇ ਦੀ ਸੁਰੱਖਿਆ ਦੇ ਸਬੰਧ ਵਿੱਚ ਚਿੰਤਾਵਾਂ ਨੂੰ ਦੱਸਣ ਦੇ ਯੋਗ ਮਹਿਸੂਸ ਨਹੀਂ ਕਰਦੇ ਜਾਂ ਉਨ੍ਹਾਂ ਦੇ ਸਕੂਲ ਜਾਂ ਕਾਲਜ ਦੁਆਰਾ ਚਿੰਤਾ ਨਾਲ ਵਰਤਾਰਾ ਕਰਨ ਦੇ ਤਰੀਕੇ ਬਾਰੇ ਚਿੰਤਤ ਹੁੰਦੇ ਹਨ। ਸਟਾਫ਼ 0800 028 0285 'ਤੇ ਕਾਲ ਕਰ ਸਕਦਾ ਹੈ ਅਤੇ ਇਹ ਸੇਵਾ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 08:00 ਤੋਂ ਰਾਤ 20:00 ਵਜੇ ਤੱਕ ਅਤੇ ਸ਼ਨੀਵਾਰ-ਐਤਵਾਰ ਨੂੰ ਸਵੇਰੇ 09:00 ਤੋਂ ਸ਼ਾਮ 18:00 ਵਜੇ ਤੱਕ ਉਪਲਬਧ ਹੈ। ਈਮੇਲ ਪਤਾ ਹੈ: help@nspcc.org.uk[19]

[19] ਵਿਕਲਪਿਕ ਤੌਰ 'ਤੇ, ਸਟਾਫ਼ ਲਿਖਕੇ ਇੱਥੇ ਭੇਜ ਸਕਦਾ ਹੈ: ਨੈਸ਼ਨਲ ਸੋਸਾਇਟੀ ਫਾਰ ਦ ਪ੍ਰੀਵੈਂਸ਼ਨ ਆਫ਼ ਕਰੂਏਲਟੀ ਟੂ ਚਿਲਡਰਨ (NSPCC), ਵੈਸਟਨ ਹਾਊਸ, 42 ਕਰਟੇਨ, ਰੋਡ, ਲੰਡਨ EC2A 3NH।

SafeguardED

**ਫਲੋਚਾਰਟ 1: ਸਕੂਲ ਜਾਂ ਕਾਲਜ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ ਜਿੱਥੇ ਕਿਸੇ ਬੱਚੇ ਬਾਰੇ ਚਿੰਤਾਵਾਂ ਹਨ**

**ਸਕੂਲ ਜਾਂ ਕਾਲਜ ਦਾ ਸਟਾਫ਼ ਤੁਰੰਤ ਕਾਰਵਾਈ ਕਰਦਾ ਹੈ।** ਉਹ ਆਪਣੀ ਸੈਟਿੰਗ ਦੀ ਬਾਲ ਸੁਰੱਖਿਆ ਨੀਤੀ ਦੀ ਪਾਲਣਾ ਕਰਦੇ ਹਨ ਅਤੇ **ਮਨੋਨੀਤ ਸੁਰੱਖਿਆ ਮੁਖੀ ਨਾਲ ਗੱਲ ਕਰਦੇ ਹਨ।** ਇਸ ਮਾਰਗਦਰਸ਼ਨ ਦਾ ਚੌਥਾ ਭਾਗ **ਉਹਨਾਂ ਕਾਰਵਾਈਆਂ ਨੂੰ ਦਰਸਾਉਂਦਾ ਹੈ ਜੋ ਕਰਨੀਆਂ ਹਨ ਜੇਕਰ ਕਿਸੇ ਮਾਮਲੇ ਵਿੱਚ ਸਟਾਫ਼ ਦੇ ਕਿਸੇ ਮੈਂਬਰ ਬਾਰੇ ਚਿੰਤਾ ਵੀ ਸ਼ਾਮਲ ਹੈ।**

↓ (ਖੱਬੀ ਸ਼ਾਖਾ)

**ਮਨੋਨੀਤ ਸੁਰੱਖਿਆ ਮੁਖੀ ਇਹ** ਫੈਸਲਾ ਕਰਦਾ **ਹੈ ਕਿ ਬੱਚਿਆਂ ਦੀ ਸਮਾਜਿਕ ਦੇਖਭਾਲ ਲਈ ਰੈਫਰਲ ਦੀ ਲੋੜ ਨਹੀਂ ਹੈ।** ਸਕੂਲ ਜਾਂ ਕਾਲਜ **ਪਾਸਟੋਰਲ ਸਹਾਇਤਾ ਜਾਂ ਪਰਿਵਾਰਕ ਸਹਾਇਤਾ ਮੁਲਾਂਕਣ 'ਤੇ ਵਿਚਾਰ ਕਰਦਾ ਹੈ** ਅਤੇ **ਸਥਾਨਕ ਤੌਰ 'ਤੇ ਸਥਿਤੀ ਦੀ ਨਿਗਰਾਨੀ ਕਰਦਾ ਹੈ।** ਜੇਕਰ ਚਿੰਤਾਵਾਂ ਵਧਦੀਆਂ ਹਨ, ਤਾਂ ਸਕੂਲ ਜਾਂ ਕਾਲਜ ਰੈਫਰਲ ਕਰਦਾ ਹੈ।

↓

ਸਾਰੇ ਪੜਾਵਾਂ 'ਤੇ, **ਸਟਾਫ ਨੂੰ ਬੱਚੇ ਦੇ ਹਾਲਾਤਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ** (ਲੋੜ ਅਨੁਸਾਰ ਮਨੋਨੀਤ ਸੁਰੱਖਿਆ ਮੁਖੀ ਜਾਂ ਉਨ੍ਹਾਂ ਦੇ ਡਿਪਟੀ ਨੂੰ ਸ਼ਾਮਲ ਕਰਨਾ ਚਾਹੀਦਾ ਹੈ) ਅਤੇ ਜੇਕਰ ਢੁਕਵਾਂ ਹੋਵੇ ਤਾਂ **ਦੁਬਾਰਾ ਰੈਫਰ ਕਰਨਾ ਚਾਹੀਦਾ ਹੈ।** ਇਹ ਯਕੀਨੀ ਬਣਾਏਗਾ ਕਿ ਬੱਚੇ ਦੇ ਹਾਲਾਤਾਂ ਵਿੱਚ ਸੁਧਾਰ ਹੋਵੇ। **ਬੱਚੇ ਦੇ ਹਿੱਤ ਨੂੰ ਹਮੇਸ਼ਾ ਪਹਿਲ ਹੋਣੀ ਚਾਹੀਦੀ ਹੈ।**

↓ (ਸੱਜੀ ਸ਼ਾਖਾ)

**ਮਨੋਨੀਤ ਸੁਰੱਖਿਆ ਮੁਖੀ ਇਹ** ਫੈਸਲਾ ਕਰਦਾ **ਹੈ ਕਿ ਬੱਚਿਆਂ ਦੀ ਸਮਾਜਿਕ ਦੇਖਭਾਲ ਲਈ ਰੈਫਰਲ ਦੀ ਲੋੜ ਹੈ** (ਅਤੇ ਜੇ ਢੁਕਵਾਂ ਹੋਵੇ ਤਾਂ ਪੁਲਿਸ ਨੂੰ ਬੁਲਾਉਂਦਾ ਹੈ)। ਉਹ ਸਥਾਨਕ ਥ੍ਰੈਸ਼ਹੋਲਡ ਦਸਤਾਵੇਜ਼ ਅਤੇ ਮੁਲਾਂਕਣ ਲਈ ਪ੍ਰੋਟੋਕੋਲ ਵਿੱਚ ਨਿਰਧਾਰਤ **ਰੈਫਰਲ ਪ੍ਰਕਿਰਿਆ ਦੀ ਪਾਲਣਾ ਕਰਦੇ ਹਨ।** Working Together to Safeguard Children ਤੋਂ ਵਧੇਰੇ ਜਾਣਕਾਰੀ ਮਿਲਦੀ ਹੈ।

↓

ਕਿਸੇ ਸਕੂਲ ਜਾਂ ਕਾਲਜ ਤੋਂ ਰੈਫਰਲ ਪ੍ਰਾਪਤ ਕਰਨ ਦੇ **ਇੱਕ ਕੰਮਕਾਜੀ ਦਿਨ ਦੇ** ਅੰਦਰ, **ਬੱਚਿਆਂ ਦੀ ਸਮਾਜਿਕ ਦੇਖਭਾਲ ਲੋੜੀਂਦੀ ਪ੍ਰਤੀਕਿਰਿਆ ਦੀ ਕਿਸਮ ਦਾ ਫੈਸਲਾ ਕਰਦੀ ਹੈ** ਅਤੇ ਰੈਫਰ ਕਰਨ ਵਾਲੇ ਸਕੂਲ ਜਾਂ ਕਾਲਜ ਨੂੰ ਸੂਚਿਤ ਕਰਦੀ ਹੈ। ਫਲੋਚਾਰਟ 2 **ਰੈਫਰਲ ਕੀਤੇ ਜਾਣ ਤੋਂ ਬਾਅਦ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਨੂੰ ਨਿਰਧਾਰਤ ਕਰਦਾ ਹੈ।**

↓

**ਸਕੂਲ ਅਤੇ ਕਾਲਜ ਦੇ ਸਟਾਫ਼ ਨੂੰ ਬੱਚਿਆਂ ਦੀ ਸਮਾਜਿਕ ਦੇਖਭਾਲ ਦਾ** ਸਮਰਥਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

## **ਫਲੋਚਾਰਟ 2: ਬੱਚਿਆਂ ਨੂੰ ਸਮਾਜਿਕ ਦੇਖਭਾਲ ਲਈ ਰੈਫਰਲ ਕੀਤੇ ਜਾਣ ਤੋਂ ਬਾਅਦ ਕੀਤੀਆਂ ਗਈਆਂ ਕਾਰਵਾਈਆਂ**

ਸਕੂਲ ਜਾਂ ਕਾਲਜ ਤੋਂ ਰੈਫਰਲ ਪ੍ਰਾਪਤ ਕਰਨ ਦੇ **ਇੱਕ ਕੰਮਕਾਜੀ ਦਿਨ ਦੇ ਅੰਦਰ, ਬੱਚਿਆਂ ਦੀ ਸਮਾਜਿਕ ਦੇਖਭਾਲ ਲੋੜੀਂਦੀ ਪ੍ਰਤੀਕਿਰਿਆ ਦੀ ਕਿਸਮ** ਦਾ ਫੈਸਲਾ ਕਰਦੀ ਹੈ।

ਬੱਚੇ ਨੂੰ **ਤੁਰੰਤ ਸੁਰੱਖਿਆ ਦੀ ਲੋੜ** ਵਾਲਾ ਮੰਨਿਆ ਜਾਂਦਾ ਹੈ। **ਬੱਚਿਆਂ ਦੀ ਸਮਾਜਿਕ ਦੇਖਭਾਲ** ਰੈਫਰ ਕਰਨ ਵਾਲੇ ਸਕੂਲ ਜਾਂ ਕਾਲਜ ਨੂੰ ਸੂਚਿਤ ਕਰਦੀ ਹੈ।

**ਸੋਸ਼ਲ ਵਰਕਰ ਪੁਲਿਸ ਜਾਂ NSPCC** ਢੁਕਵੀਂ **ਐਮਰਜੈਂਸੀ ਕਾਰਵਾਈ** ਕਰਦੀ ਹੈ। ਇਸ ਵਿੱਚ **ਐਮਰਜੈਂਸੀ ਪ੍ਰੋਟੈਕਸ਼ਨ ਆਰਡਰ (EPO)** ਲਈ ਅਰਜ਼ੀ ਦੇਣਾ ਸ਼ਾਮਲ ਹੋ ਸਕਦਾ ਹੈ।.

**ਸੈਕਸ਼ਨ 47 ਦੀਆਂ ਪੁੱਛਗਿੱਛਾਂ** ਨੂੰ ਉਚਿਤ ਮੰਨਿਆ ਜਾਂਦਾ ਹੈ। **ਬੱਚਿਆਂ ਦੀ ਸਮਾਜਿਕ ਦੇਖਭਾਲ** ਰੈਫਰ ਕਰਨ ਵਾਲੇ ਸਕੂਲ ਜਾਂ ਕਾਲਜ ਨੂੰ ਸੂਚਿਤ ਕਰਦੀ ਹੈ।

ਬੱਚੇ ਦੀ ਪਛਾਣ ਇੱਕ ਅਜਿਹੇ ਬੱਚੇ ਵਜੋਂ ਕੀਤੀ ਜਾਂਦੀ ਹੈ ਜਿਸ**ਨੂੰ ਕਾਫ਼ੀ ਨੁਕਸਾਨ ਹੋਣ ਦਾ ਖ਼ਤਰਾ** ਹੈ। ਚਿਲਡਰਨ ਐਕਟ 1989 ਦੇ ਤਹਿਤ, ਸਥਾਨਕ ਅਧਿਕਾਰੀਆਂ ਨੂੰ ਲੋੜਵੰਦ ਬੱਚਿਆਂ ਦੀ ਭਲਾਈ ਦੀ ਸੁਰੱਖਿਆ ਅਤੇ ਪ੍ਰਚਾਰ ਦੇ ਉਦੇਸ਼ਾਂ ਲਈ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਵਰਕਿੰਗ ਟੁਗੈਦਰ ਟੂ ਸੇਫਗਾਰਡ ਚਿਲਡਰਨ ਤੋਂ ਵਧੇਰੇ ਜਾਣਕਾਰੀ ਮਿਲਦੀ ਹੈ।

**ਸੈਕਸ਼ਨ 17 ਦੀਆਂ ਪੁੱਛਗਿੱਛਾਂ** ਨੂੰ ਉਚਿਤ ਮੰਨਿਆ ਜਾਂਦਾ ਹੈ। **ਬੱਚਿਆਂ ਦੀ ਸਮਾਜਿਕ ਦੇਖਭਾਲ** ਰੈਫਰ ਕਰਨ ਵਾਲੇ ਸਕੂਲ ਜਾਂ ਕਾਲਜ ਨੂੰ ਸੂਚਿਤ ਕਰਦੀ ਹੈ।

ਬੱਚੇ ਦੀ ਪਛਾਣ **ਇੱਕ ਲੋੜਵੰਦ ਬੱਚੇ** (CiN) ਵਜੋਂ ਕੀਤੀ ਜਾਂਦੀ ਹੈ ਅਤੇ ਉਸਨੂੰ ਢੁਕਵੀਂ ਸਹਾਇਤਾ ਦਿੱਤੀ ਜਾਂਦੀ ਹੈ। ਚਿਲਡਰਨ ਐਕਟ 1989 ਦੇ ਤਹਿਤ, ਸਥਾਨਕ ਅਧਿਕਾਰੀਆਂ ਨੂੰ ਉਨ੍ਹਾਂ ਦੀ ਭਲਾਈ ਦੀ ਸੁਰੱਖਿਆ ਅਤੇ ਪ੍ਰਚਾਰ ਦੇ ਉਦੇਸ਼ਾਂ ਲਈ CiN ਲਈ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਵਰਕਿੰਗ ਟੁਗੈਦਰ ਟੂ ਸੇਫਗਾਰਡ ਚਿਲਡਰਨ ਤੋਂ ਵਧੇਰੇ ਜਾਣਕਾਰੀ ਮਿਲਦੀ ਹੈ।

ਕਿਸੇ ਰਸਮੀ ਮੁਲਾਂਕਣ ਦੀ ਲੋੜ ਨਹੀਂ ਹੈ। **ਬੱਚਿਆਂ ਦੀ ਸਮਾਜਿਕ ਦੇਖਭਾਲ** ਰੈਫਰ ਕਰਨ ਵਾਲੇ ਸਕੂਲ ਜਾਂ ਕਾਲਜ ਨੂੰ ਸੂਚਿਤ ਕਰਦੀ ਹੈ।

**ਸਕੂਲ ਜਾਂ ਕਾਲਜ ਪਾਸਟੋਰਲ ਸਹਾਇਤਾ ਅਤੇ ਫੈਮਿਲੀ ਹੈਲਪ** ਬਾਰੇ ਵਿਚਾਰ ਕਰਦਾ ਹੈ ਫੈਮਿਲੀ ਹੈਲਪ ਦਾ ਉਦੇਸ਼ ਬੱਚੇ ਦੇ ਜੀਵਨ ਵਿੱਚ ਕਿਸੇ ਵੀ ਸਮੇਂ ਕੋਈ ਸਮੱਸਿਆ ਆਉਣ 'ਤੇ ਸਹਾਇਤਾ ਪ੍ਰਦਾਨ ਕਰਨਾ ਹੈ। ਫਲੋਚਾਰਟ 1 ਵੇਖੋ। ਵਰਕਿੰਗ ਟੁਗੈਦਰ ਟੂ ਸੇਫਗਾਰਡ ਚਿਲਡਰਨ ਤੋਂ ਵਧੇਰੇ ਜਾਣਕਾਰੀ ਮਿਲਦੀ ਹੈ।